
# PUNJABI JOURNAL

SW MEDIA GROUP

Volume: 17, Issue: 41 || Ph: 604-507-8009, FAX:1-855-796-3342 || Friday, Oct 11, 2024



## ਜੌਨ ਰਸਟੈਡ:
## ਖਰਚੇ ਜ਼ਿਆਦਾ, ਵਸੂਲੀ ਘਟ।

- ਹੁਣ ਕੋਈ ਵੀ $1000 ਦੀ ਰਾਹਤ ਨਹੀਂ ਅਤੇ ਸਾਲਾਂ ਬਾਅਦ ਬਹੁਤ ਛੋਟੀ ਟੈਕਸ ਛੋਟ
- ਬਜ਼ੁਰਗਾਂ ਦੇ ਮੁਫ਼ਤ ਬੱਸ ਪਾਸ ਲਈ ਕੋਈ ਵੀ ਵਾਇਦਾ ਨਹੀਂ
- 2010 ਵਿੱਚ ਫਰੇਜ਼ਰ ਹੈੱਲਥ ਦੁਆਰਾ ਪ੍ਰੋਪੋਜ਼ ਕੀਤੇ ਨਵੇਂ ਮੈਡੀਕਲ ਸਕੂਲ ਨੂੰ ਰੋਕਿਆ
- ਕਾਰ ਇੰਸ਼ੂਰੈਂਸ ਰੇਟ ਚੋਟੀ ਤਕ ਚੜ੍ਹ ਜਾਣਗੇ ਅਤੇ ਤੁਹਾਨੂੰ ਮਹਿੰਗੇ ਵਕੀਲਾਂ ਦੀਆਂ ਫੀਸਾਂ ਤੇ ਅਲਬਰਟਾ ਵਰਗੇ ਰੇਟ ਦੇਣੇ ਪੈਣਗੇ
- ਹੈੱਲਥ ਕੇਅਰ ਤੋਂ $4 ਬਿਲੀਅਨ ਦੀ ਕਟੌਤੀ, ਜਿਸ ਦਾ ਮਤਲਬ ਹੈ ਘੱਟ ਡਾਕਟਰ ਤੇ ਨਰਸਾਂ, ਅਤੇ ਲੰਮੇ ਵੇਟ ਟਾਈਮਜ਼
- ਹਾਊਸਿੰਗ ਪ੍ਰੋਗਰਾਮਜ਼ ਰੱਦ ਕੀਤੇ ਜਾਣਗੇ।
- ਨਵੇਂ ਸਕੂਲਾਂ ਦੀ ਬਜਾਏ K-12 ਲਈ ਕਲਾਸ ਵਿਚ ਬਹੁਤ ਜ਼ਿਆਦਾ ਬੱਚੇ
- ਪੁਲਿਸ ਨੂੰ ਗੈਰ-ਕਾਨੂੰਨੀ ਹਥਿਆਰਾਂ ਅਤੇ ਬੰਦੂਕਾਂ 'ਤੇ ਕਾਨੂੰਨ ਲਾਗੂ ਨਾ ਕਰਨ ਦੇ ਆਦੇਸ਼ ਦਿੱਤੇ ਜਾਣਗੇ

**ਜੌਨ ਰੁਸਟੈਡ: ਇੱਕ ਖ਼ਤਰਾ ਜੋ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ।**



## ਡੇਵਿਡ ਈਬੀ
## ਅਤੇ ਬੀ ਸੀ ਐਨਡੀਪੀ:
## ਤੁਹਾਡੇ ਨਾਲ, ਤੁਹਾਡੇ ਲਈ।

- ✔ $1000 ਦੀ ਰਾਹਤ ਤੁਹਾਨੂੰ ਹੁਣ ਦਿੱਤੀ ਜਾਵੇਗੀ, ਨਾਲ ਹੀ $1000 ਦੀ ਸਾਲਾਨਾ ਟੈਕਸ ਕਟੌਤੀ।
- ✔ ਬਜ਼ੁਰਗਾਂ ਲਈ ਮੁਫਤ ਬੱਸ ਪਾਸ
- ✔ ਨਵਾਂ ਐਸ ਐਫ ਯੂ (SFU) ਸਰੀ ਮੈਡੀਕਲ ਸਕੂਲ।
- ✔ ਆਈਸੀਬੀਸੀ (ICBC) 'ਤੇ $500 ਦੀ ਬੱਚਤ, ਫ੍ਰੀਜ਼ ਕੀਤੇ ਰੇਟਾਂ ਦੇ ਨਾਲ
- ✔ ਨਵੇਂ ਹਸਪਤਾਲ ਅਤੇ ਕੈਂਸਰ ਸੈਂਟਰ ਬਣ ਰਹੇ ਹਨ; ਹਜ਼ਾਰਾਂ ਹੋਰ ਡਾਕਟਰ, ਨਰਸਾਂ ਅਤੇ ਕੇਅਰ ਵਰਕਰਾਂ ਦੀ ਭਰਤੀ
- ✔ 300,000 ਹੋਰ ਆਮ ਲੋਕਾਂ ਲਈ ਘਰਾਂ ਨੂੰ ਬਣਾਉਣਾ ਅਤੇ 25,000 ਲੋਕਾਂ ਨੂੰ ਪਹਿਲੀ ਵਾਰ ਘਰ ਨੂੰ ਖਰੀਦਣ ਦਾ ਮੌਕਾ ਦੇਣਾ
- ✔ ਵੱਧ ਰਹੀ ਅਬਾਦੀ ਦੇ ਹਿਸਾਬ ਨਾਲ ਨਵੇਂ ਸਕੂਲ ਬਣਾਉਣੇ
- ✔ ਗੈਰ-ਕਾਨੂੰਨੀ ਬੰਦੂਕਾਂ, ਗੈਂਗਜ਼, ਸੜਕਾਂ ਤੇ ਹੋਏ ਰਹੇ ਜੁਰਮ ਨੂੰ ਠੱਲ੍ਹ ਪਾਉਣ ਲਈ ਠੋਸ ਕਦਮ ਚੁੱਕਣੇ

Authorized by Karen Cooling, Financial Agent, 604-430-8600

**Re-elect David Eby and the BC NDP**

BC NDP

SABZI MANDI SUPERMARKET



*Chal Chaliye Sabzi Mandi Chal Chaliye ...*

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
**ਸਬਜ਼ੀ ਮੰਡੀ ਨੂੰ ਯਾਦ ਰਖੋ**

RETURN UNDELIVERABLE TO CIRCULATION WING - SW MEDIA GROUP #13 - 11888 MELLIS DR. RICHMOND BC V6X 1M1 PUBLICATION MAIL Contract/Agreement # is 41798524.

# ਡੇਵਿਡ ਈਬੀ ਅਤੇ ਬੀਸੀ ਐਨਡੀਪੀ ਟੀਮ, ਤੁਹਾਡੇ ਨਾਲ ਤੁਹਾਡੇ ਲਈ!

- **$1,000** ਦੀ ਰਾਹਤ ਘਰੇਲੂ ਖਰਚੇ ਵਿਚ ਮਦਦ ਕਰਨ ਲਈ ਤੁਹਾਨੂੰ ਹੁਣ ਦਿੱਤੀ ਜਾਵੇਗੀ, ਨਾਲ ਹੀ **$1000** ਦੀ ਸਾਲਾਨਾ ਟੈਕਸ ਕਟੌਤੀ - ਜੋ ਪਰਿਵਾਰਾਂ ਲਈ ਹਜ਼ਾਰਾਂ ਹੀ ਡਾਲਰ ਦੀ ਮਦਦ ਕਰੇਗੀ।
- ਬਜ਼ੁਰਗਾਂ ਲਈ ਮੁਫਤ ਬੱਸ ਪਾਸ, ਨਾਲ ਹੀ ਸਕਾਈਟ੍ਰੇਨ, ਬੱਸ ਰੈਪਿਡ ਟ੍ਰਾਂਜ਼ਿਟ ਨੂੰ ਐਕਸਪੈਂਡ ਕਰ ਰਹੇ ਹਨ।
- ਨਵਾਂ ਐਸ ਐਫ ਯੂ (SFU) ਸਰੀ ਮੈਡੀਕਲ ਸਕੂਲ, ਅਤੇ ਬਿਹਤਰ ਹੈਲਥ ਕੇਅਰ ਲਈ ਹੋਰ ਲੋਕਲ ਡਾਕਟਰਾਂ ਨੂੰ ਟ੍ਰੇਨਿੰਗ ਦੇ ਰਹੇ ਹਨ, ਤਾਂ ਜੋ ਸਾਡੇ ਬੱਚੇ ਸਾਡੇ ਲਾਗੇ ਪੱੜ ਸਕਣ।।
- ਆਈਸੀਬੀਸੀ (ICBC) ਦੇ ਰੇਟਾਂ ਵਿਚ $500 ਦੀ ਬਚਤ--- ਰਸਟੈਡ ਦਾ ਮਹਿੰਗਾ ਅਲਬਰਟਾ - ਸਟਾਈਲ ਪਲੈਨ ਤੁਹਾਡੀ ਇੰਸ਼ੋਰਨਸ ਦੁਗਣੀ ਕਰ ਸਕਦਾ ਹੈ।
- ਨਵੇਂ ਹਸਪਤਾਲ ਅਤੇ ਕੈਂਸਰ ਸੈਂਟਰ, ਸਾਰਿਆਂ ਲਈ ਬਿਹਤਰ ਹੈਲਥ ਕੇਅਰ ਨੂੰ ਯਕੀਨੀ ਬਣਾ ਰਹੇ ਹਨ।
- ਅਸੀ ਹਜ਼ਾਰਾਂ ਹੋਰ ਡਾਕਟਰਾਂ, ਨਰਸਾਂ ਅਤੇ ਦੇਖਭਾਲ ਕਰਨ ਵਾਲੇ ਵਰਕਰਾਂ ਨੂੰ ਭਰਤੀ ਕਰ ਰਹੇ ਹਨ, ਅਤੇ ਰਸਟੈਡ ਦੇ ਹੈਲਥ ਕੇਅਰ ਵਿਚੋਂ ਖਤਰਨਾਕ $4 ਬਿਲੀਅਨ ਦੀਆਂ ਕਟੌਤੀਆਂ ਦਾ ਵਿਰੋਧ ਕਰਨਾ।
- ਵਧੇਰੀ ਮਿਡਲ ਕਲਾਸ ਹਾਊਸਿੰਗ ਅਤੇ ਖਾਲੀ ਪਏ ਮਕਾਨਾਂ ਨੂੰ ਘਰਾਂ ਵਿਚ ਤਬਦੀਲ ਕਰਨ ਲਈ ਠੋਸ ਕਦਮ ਚੁੱਕ ਰਹੇ ਹਨ।





ਰੀਆ ਅਰੋੜਾ
**REAH ARORA**
BURNABY EAST


ਰਾਜ ਚੌਹਾਨ
**RAJ CHOUHAN**
BURNABY-NEW WESTMINSTER

BC NDP


ਜੈਨੇਟ ਰਾਊਟਲੈਜ
**JANET ROUTLEDGE**
BURNABY NORTH


ਪੌਲ ਚੋਏ
**PAUL CHOI**
BURNABY SOUTH-METROTOWN


ਰਵੀ ਕਾਹਲੋਂ
**RAVI KAHLON**
DELTA NORTH


ਜੌਨ ਐਲਡੈਗ
**JOHN ALDAG**
LANGLEY-ABBOTSFORD


ਲਿੰਡਾ ਲੀ
**LINDA LI**
RICHMOND-BRIDGEPORT


ਅਮਨ ਸਿੰਘ
**AMAN SINGH**
RICHMOND-QUEENSBOROUGH


ਆਮਨਾ ਸ਼ਾਹ
**AMNA SHAH**
SURREY CITY CENTRE


ਮਾਇਕ ਸਤਾਰਚੱਕ
**MIKE STARCHUK**
SURREY-CLOVERDALE


ਜਗਰੂਪ ਬਰਾੜ
**JAGRUP BRAR**
SURREY-FLEETWOOD


ਗੈਰੀ ਬੈੱਗ
**GARRY BEGG**
SURREY-GUILDFORD


ਜੈਸੀ ਸੁੰਨੜ
**JESSIE SUNNER**
SURREY-NEWTON


ਰਚਨਾ ਸਿੰਘ
**RACHNA SINGH**
SURREY NORTH


ਜਿੰਨੀ ਸਿਮਸ
**JINNY SIMS**
SURREY-PANORAMA


ਬਲਤੇਜ ਸਿੰਘ ਢਿੱਲੋਂ
**BALTEJ SINGH DHILLON**
SURREY-SERPENTINE RIVER


ਹਰੂਨ ਗ਼ਫ਼ਾਰ
**HAROON GHAFFAR**
SURREY SOUTH


ਜੋਰਜ ਚਾਓ
**GEORGE CHOW**
VANCOUVER-FRASERVIEW


ਸੁਨੀਤਾ ਧੀਰ
**SUNITA DHIR**
VANCOUVER-LANGARA

AUTHORIZED BY KAREN COOLING, FINANCIAL AGENT, 604-430-8600

# PUNJABI JOURNAL

SW MEDIA GROUP

Volume: 17, Issue: 41 || Ph: 604-507-8009, FAX:1-855-796-3342 || Friday, Oct 11, 2024


# ਬ੍ਰਿਟਿਸ਼ ਕੋਲੰਬੀਆ ਦੀਆਂ ਚੋਣਾਂ ’ਚ ਨਿੱਤਰੇ 7 ਦਸਤਾਰਧਾਰੀ ਪੰਜਾਬੀ



**ਐਬਟਸਫੋਰਡ**: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ 19 ਅਕਤੂਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਾਸਤੇ ਮੈਦਾਨ ਪੂਰੀ ਤਰ੍ਹਾਂ ਭਖ ਚੁੱਕਾ ਹੈ ਤੇ ਉਮੀਦਵਾਰਾਂ ਵਲੋਂ ਘਰ-ਘਰ ਜਾ ਕੇ ਵੋਟਾਂ ਮੰਗੀਆਂ ਜਾ ਰਹੀਆਂ ਹਨ। ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ 7 ਦਸਤਾਰਧਾਰੀ ਪੰਜਾਬੀ ਉਮੀਦਵਾਰ ਵੀ ਆਪਣੀ ਕਿਸਮਤ ਅਜ਼ਮਾ ਰਹੇ ਹਨ, ਜਿਨ੍ਹਾਂ ’ਚ ਅੱਧੀ ਦਰਜਨ ਉਮੀਦਵਾਰ ਪਹਿਲੀ ਵਾਰ ਵਿਧਾਨ ਸਭਾ ਚੋਣ ਲੜ ਰਹੇ ਹਨ।

ਇਨ੍ਹਾਂ ਚੋਣਾਂ ’ਚ ਸੁਲਤਾਨਪੁਰ ਲੋਧੀ ਨਾਲ ਸੰਬੰਧਿਤ ਤੇ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ’ਤੇ ਪਹਿਲੇ ਦਸਤਾਰਧਾਰੀ ਵਿਧਾਇਕ ਵਜੋਂ ਆਪਣਾ ਨਾਂਅ ਦਰਜ ਕਰਵਾਉਣ ਵਾਲੇ ਐਡਵੋਕੇਟ ਅਮਨਦੀਪ ਸਿੰਘ ਐਨ.ਡੀ.ਪੀ. ਦੀ ਟਿਕਟ ‘ਤੇ (ਰਿਚਮੰਡ-ਕੁਈਨਜ਼ਬਰੋ) ਹਲਕੇ ਤੋਂ ਦੁਬਾਰਾ ਆਪਣੀ ਕਿਸਮਤ ਅਜ਼ਮਾ ਰਹੇ ਹਨ।

ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਬਲਤੇਜ ਸਿੰਘ ਢਿੱਲੋਂ (ਸਰੀ-ਸਰਪਨਟਾਈਨ) ਅਤੇ ਜ਼ਿਲ੍ਹਾ ਬਰਨਾਲਾ ਦੇ ਪਿੰਡ ਛੀਨੀਵਾਲ ਕਲਾਂ ਦੇ ਤੇ ਵਰਕ ਸੇਫ ਬੀ.ਸੀ. ਦੇ ਅਧਿਕਾਰੀ ਹਰਪ੍ਰੀਤ ਸਿੰਘ ਬੰਦੋਹਲ (ਕਲੋਨਾ-ਮਿਸ਼ਨ) ਤੋਂ ਨਿਊ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਹਨ, ਜਦਕਿ ਉੱਘੇ ਰੀਅਲੈਟਰ ਤੇ ਜ਼ਿਲ੍ਹਾ ਮੋਗਾ ਦੇ ਪਿੰਡ ਕਾਲੇਕੇ ਦੇ ਅਵਤਾਰ ਸਿੰਘ ਗਿੱਲ (ਸਰੀ-ਫਲੀਟਵੁੱਡ) ਤੇ ਨਕੋਦਰ ਦੇ ਜਗਦੀਪ ਸਿੰਘ ਜੈਗ ਸੰਘੇੜਾ (ਵੈਨਕੂਵਰ-ਫਰੈਜ਼ਰਵਿਊ) ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹਨ।

ਜਗਰਾਉਂ ਨੇੜਲੇ ਪਿੰਡ ਗਿੱਦੜਵਿੰਡੀ ਦੇ ਅਮਨਦੀਪ ਸਿੰਘ (ਐਬਟਸਫੋਰਡ ਦੱਖਣੀ) ਤੇ ਇੰਜੀਨੀਅਰ ਜੋਗਿੰਦਰ ਸਿੰਘ ਰੰਧਾਵਾ (ਸਰੀ-ਨਿਊਟਨ) ਤੋਂ ਆਜ਼ਾਦ ਉਮੀਦਵਾਰ ਹਨ।

## 6 ਸੀਟਾਂ ’ਤੇ ਪੰਜਾਬੀ ਉਮੀਦਵਾਰਾਂ ਦਰਮਿਆਨ ਹੋਵੇਗਾ ਮੁਕਾਬਲਾ

**ਐਬਟਸਫੋਰਡ**: ਕੈਨੇਡਾ ਦੇ ਸਾਢੇ 56 ਲੱਖ ਦੀ ਆਬਾਦੀ ਤੇ 9,44,735 ਵਰਗ ਕਿਲੋਮੀਟਰ ਵਾਲੇ ਸੂਬੇ ਬ੍ਰਿਟਿਸ਼ ਕੋਲੰਬੀਆ ਦੀਆਂ 19 ਅਕਤੂਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਐਨ.ਡੀ.ਪੀ. ਆਗੂ ਡੇਵਿਡ ਈਬੀ, ਕੰਜ਼ਰਵੇਟਿਵ ਆਗੂ ਜੌਹਨ ਰਸਟਡ ਤੇ ਗਰੀਨ ਪਾਰਟੀ ਦੀ ਆਗੂ ਸੋਨੀਆ ਫਰਸਤਨੂੰ ਵਲੋਂ ਤੂਫਾਨੀ ਦੌਰੇ ਕੀਤੇ ਜਾ ਰਹੇ ਹਨ ਤੇ ਵਾਅਦਿਆਂ ਦੀ ਝੜੀ ਲਾਈ ਜਾ ਰਹੀ ਹੈ।

ਵੋਟਾਂ 19 ਅਕਤੂਬਰ ਨੂੰ ਪੈਣਗੀਆਂ ਤੇ 10 ਤੋਂ 13 ਤੇ 15 ਤੋਂ 16 ਅਕਤੂਬਰ ਨੂੰ ਅਗਾਊਂ ਵੋਟਾਂ ਪੈਣਗੀਆਂ। ਸੂਬੇ ਦੇ 6 ਵਿਧਾਨ ਸਭਾ ਹਲਕੇ ਅਜਿਹੇ ਹਨ ਜਿੱਥੇ ਪੰਜਾਬੀ ਉਮੀਦਵਾਰਾਂ ਵਿਚਕਾਰ ਮੁਕਾਬਲਾ ਹੋਵੇਗਾ ਜਿਨ੍ਹਾਂ ‘ਚ 2 ਹਲਕਿਆਂ ‘ਚ 5 ਕੋਣਾ ‘ਤੇ 4 ਵਿਚ ਸਿੱਧਾ ਮੁਕਾਬਲਾ ਹੈ।

ਸਰੀ ਉੱਤਰੀ ਵਿਧਾਨ ਸਭਾ ਹਲਕੇ ਤੋਂ ਰਚਨਾ ਸਿੰਘ ਐਨ.ਡੀ.ਪੀ., ਮਨਦੀਪ ਧਾਲੀਵਾਲ ਕੰਜ਼ਰਵੇਟਿਵ, ਸਿਮ ਸੰਧੂ ਬੀ.ਸੀ. ਗਰੀਨ ਪਾਰਟੀ, ਕਿਰਨ ਹੁੰਦਲ ਫਰੀਡਮ ਪਾਰਟੀ ਆਫ ਬੀ.ਸੀ. ਤੇ ਹੌਬੀ ਨਿੱਝਰ ਆਜ਼ਾਦ ਉਮੀਦਵਾਰ ਹੈ, ਜਦਕਿ ਸਰੀ-ਨਿਊਟਨ ਤੋਂ ਜਸਪ੍ਰੀਤ ਕੌਰ ਜੈਸੀ ਸੁੰਨੜ ਐਨ.ਡੀ.ਪੀ., ਤੇਗਜੋਤ ਬੱਲ ਕੰਜ਼ਰਵੇਟਿਵ, ਅੰਮ੍ਰਿਤ ਬੜਿੰਗ ਫਰੀਡਮ ਪਾਰਟੀ ਆਫ ਬੀ.ਸੀ. ਅਤੇ ਜਪਰੀਤ ਲੇਲ ਤੇ ਜੋਗਿੰਦਰ ਸਿੰਘ ਰੰਧਾਵਾ ਆਜ਼ਾਦ ਉਮੀਦਵਾਰ ਹਨ। ਬਰਨਬੀ-ਨਿਊ ਵੈਸਟ ਮਿਨਸਟਰ ਹਲਕੇ ਤੋਂ ਰਾਜ ਚੌਹਾਨ ਐਨ.ਡੀ.ਪੀ. ਤੇ ਦੀਪਕ ਸੂਰੀ ਕੰਜ਼ਰਵੇਟਿਵ ਅਤੇ ਡੈਲਟਾ ਉੱਤਰੀ ਤੋਂ ਰਵੀ ਕਾਹਲੋਂ ਐਨ.ਡੀ.ਪੀ. ਤੇ ਰਾਜ ਵੇਯੂਲੀ ਕੰਜ਼ਰਵੇਟਿਵ ਜਦਕਿ ਰਿਚਮੰਡ-ਕੁਈਨਜ਼ਬਰੋ ਤੋਂ ਅਮਨਦੀਪ ਸਿੰਘ ਐਨ.ਡੀ.ਪੀ. ਤੇ ਸਟੀਵ ਕੂਨਰ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹਨ। ਇਹ 19 ਅਕਤੂਬਰ ਨੂੰ ਪਤਾ ਲੱਗੇਗਾ ਕਿ ਇਨ੍ਹਾਂ 6 ਵਿਧਾਨ ਸਭਾ ਹਲਕਿਆਂ ‘ਚ ਚੋਣ ਲੜ ਰਹੇ 18 ਪੰਜਾਬੀ ਉਮੀਦਵਾਰਾਂ ‘ਚੋਂ ਕਿਹੜਾ ਉਮੀਦਵਾਰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਨ ਵਿਚ ਸਫਲ ਹੁੰਦਾ ਹੈ।

## ਮਾਨ ਦੇ 2 ਸਲਾਹਕਾਰਾਂ ਨੂੰ ਛਾਂਗਿਆ

**ਚੰਡੀਗੜ੍ਹ**: ਪੰਜਾਬ ਦੇ ਪ੍ਰਸ਼ਾਸਨ ’ਚ ਬੀਤੇ ਦਿਨੀਂ ਹੋਏ ਵੱਡੇ ਰੱਦੋਬਦਲ ਤੋਂ ਬਾਅਦ ਅੱਜ ਰਾਜ ਦੇ ਸਿਵਲ ਪ੍ਰਸ਼ਾਸਨ ਨੂੰ ਨਵਾਂ ਚਿਹਰਾ ਦੇਣ ਦੀ ਕੋਸ਼ਿਸ਼ ‘ਚ ਸ੍ਰੀ ਕੇ.ਏ.ਪੀ. ਸਿਨਹਾ ਨੂੰ ਮੁੱਖ ਸਕੱਤਰ ਲਗਾਉਂਦਿਆਂ ਕੁਝ ਹੋਰ ਉੱਚ-ਪੱਧਰੀ ਰੱਦੋਬਦਲ ਦੇ ਚਰਚੇ ਛਿੜ ਗਏ। ਮੁੱਖ ਮੰਤਰੀ ਵਲੋਂ ਆਪਣੇ ਨਾਲ ਇਕ ਸੇਵਾਮੁਕਤ ਸੀਨੀਅਰ ਆਈ.ਏ.ਐਸ. ਅਧਿਕਾਰੀ ਨੂੰ ਚੀਫ਼ ਪ੍ਰਮੁੱਖ ਸਕੱਤਰ ਲਗਾਉਣ ਦੇ ਚਰਚੇ ਵੀ ਅੱਜ ਪ੍ਰਸ਼ਾਸਨਿਕ ਹਲਕਿਆ ’ਚ ਸਨ। ਮੁੱਖ ਮੰਤਰੀ ਸਕੱਤਰੇਤ ’ਚ ਤਾਇਨਾਤ 2 ਸੀਨੀਅਰ ਪੱਧਰ ਦੇ ਮੀਡੀਆ ਸਲਾਹਕਾਰ ਬਲਤੇਜ ਪਨੂੰ ਤੇ ਮਨਪ੍ਰੀਤ ਕੌਰ ਆਪਣੇ ਅਹੁਦਿਆਂ ਤੋਂ ਫਾਰਗ ਹੋ ਗਏ। ਹਾਲਾਂਕਿ ਇਸ ਦਾ ਕੋਈ ਕਾਰਨ ਨਹੀਂ ਦਿੱਤਾ ਗਿਆ। ਪੰਚਾਇਤੀ ਚੋਣਾਂ ਸਬੰਧੀ ਹਾਈਕੋਰਟ ਦੀ ਸਖ਼ਤ ਝਾੜ ਤੇ ਝੋਨੇ ਦੀ ਖ਼ਰੀਦ ‘ਚ ਕੁਝ ਤਕਨੀਕੀ ਕਾਰਨਾਂ ਕਰ ਕੇ ਆ ਰਹੀਆਂ ਮੁਸ਼ਕਿਲਾਂ, ਜਿਨ੍ਹਾਂ ਲਈ ਕੁਝ ਹੱਦ ਤੱਕ



ਕੇਂਦਰ ਸਰਕਾਰ ਵੀ ਜ਼ਿੰਮੇਵਾਰ ਹੈ, ਨੂੰ ਸਿਰੇ ਚਾੜ੍ਹਨਾ ਰਾਜ ਸਰਕਾਰ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਪ੍ਰਸ਼ਾਸਨਿਕ ਹਲਕਿਆਂ ‘ਚ ਚਰਚਾ ਹੈ ਕਿ ਨਵੇਂ ਮੁੱਖ ਸਕੱਤਰ ਵਲੋਂ ਪ੍ਰਸ਼ਾਸਨਿਕ ਢਾਂਚੇ ਨੂੰ ਚੁਸਤ ਦਰੁਸਤ ਕਰਨ ਲਈ ਆਉਂਦੇ ਦਿਨਾਂ ਦੌਰਾਨ ਕੁਝ ਹੋਰ ਅਹਿਮ ਰੱਦੋਬਦਲ ਵੀ ਹੋ ਸਕਦੀ ਹੈ। ਸੁਪਰੀਮ ਕੋਰਟ ਵਲੋਂ ਪੰਜਾਬ ਸਮੇਤ 8 ਰਾਜਾਂ ਨੂੰ ਕਾਰਜਕਾਰੀ ਦੀ ਥਾਂ ਪੱਕੇ ਪੁਲਿਸ ਮੁਖੀ ਲਗਾਉਣ ਦੇ ਆਦੇਸ਼ਾਂ ਨਾਲ ਰਾਜ ਸਰਕਾਰ ਨੂੰ 10 ਦਿਨਾਂ ਅੰਦਰ ਜਵਾਬ ਦਾਅਵਾ ਦਾਇਰ ਕਰਨ ਲਈ ਦਿੱਤੇ ਗਏ ਆਦੇਸ਼ ਕਾਰਨ ਰਾਜ ਸਰਕਾਰ ਵਲੋਂ ਹੁਣ ਇਸ ਮਾਮਲੇ ‘ਚ ਕਾਨੂੰਨੀ ਰਾਏ ਲਈ ਜਾ ਰਹੀ ਹੈ। ਸੁਪਰੀਮ ਕੋਰਟ ਵਲੋਂ ਆਪਣੇ ਇਕ ਫ਼ੈਸਲੇ ‘ਚ ਆਦੇਸ਼ ਦਿੱਤੇ ਹੋਏ ਹਨ ਕਿ ਕੋਈ ਵੀ ਰਾਜ 6 ਮਹੀਨੇ ਤੋਂ ਵੱਧ ਸਮੇਂ ਲਈ ਆਰਜ਼ੀ ਡੀ.ਜੀ.ਪੀ. ਨਹੀਂ ਰੱਖ ਸਕਦਾ ਤੇ ਉਨ੍ਹਾਂ ਨੂੰ ਰਾਜ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਦਾ ਪੈਨਲ ਕੌਮੀ ਲੋਕ ਸੇਵਾ ਕਮਿਸ਼ਨ ਨੂੰ ਭੇਜਣਾ ਪਵੇਗਾ, ਜਿਸ ਵਲੋਂ ਰਾਜ ਨੂੰ ਇਕ ਤਿੰਨ ਮੈਂਬਰੀ ਪੈਨਲ ਚੁਣ ਕੇ ਭੇਜਿਆ ਜਾਵੇਗਾ, ਜਿਸ ‘ਚੋਂ ਰਾਜ ਸਰਕਾਰ ਇਕ ਅਧਿਕਾਰੀ ਨੂੰ ਡੀ.ਜੀ.ਪੀ. ਲਗਾ ਸਕੇਗੀ।

## ਕੈਨੇਡਾ ਵਿਚ ਦਿਲ ਦਾ ਦੌਰਾ ਪੈਣ ਕਾਰਨ ਨੌਜਵਾਨ ਦੀ ਹੋਈ ਮੌਤ

**ਤਰਨਤਾਰਨ:** ਕੈਨੇਡਾ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਰਾਜਵਿੰਦਰ ਕੁਮਾਰ ਰਾਜੂ ਦੇ ਛੋਟੇ ਨੌਜਵਾਨ ਬੇਟੇ ਵਿਪਨ ਅਰੋੜਾ ਦਾ ਕੈਨੇਡਾ ’ਚ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋਣ ਦਾ ਦੁੱਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਤੋਂ ਬਾਅਦ ਇਲਾਕੇ ’ਚ ਸੋਗ ਦੀ ਲਹਿਰ ਦੌੜ ਗਈ।

ਜਾਣਕਾਰੀ ਅਨੁਸਾਰ ਰਾਜਵਿੰਦਰ ਕੁਮਾਰ ਰਾਜੂ (ਸਤਪਾਲ ਕਰਿਆਨੇ ਵਾਲੇ) ਦਾ ਛੋਟਾ ਬੇਟਾ ਵਿਪਨ ਕੁਮਾਰ, ਜਿਸ ਦੀ ਉਮਰ ਕਰੀਬ 30 ਸਾਲ ਦੱਸੀ ਜਾ ਰਹੀ ਹੈ, ਬੀਤੇ ਕੁਝ ਸਾਲ ਪਹਿਲਾਂ ਪੜ੍ਹਾਈ ਕਰਨ ਦੇ ਸਬੰਧ ’ਚ ਕੈਨੇਡਾ ਗਿਆ ਸੀ। ਮੰਗਲਵਾਰ ਦੇਰ ਸ਼ਾਮ ਵਿਪਨ ਅਰੋੜਾ ਦੀ ਅਚਾਨਕ ਤਬੀਅਤ ਖਰਾਬ ਹੋਣ ਉਪਰੰਤ ਉਸ ਨੂੰ ਹਸਪਤਾਲ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਇਲਾਜ ਦੌਰਾਨ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਡਾਕਟਰਾਂ ਮੁਤਾਬਕ ਵਿਪਨ ਅਰੋੜਾ ਦਾ ਦਿਲ ਦਾ ਦੌਰਾ ਪੈਣ ਕਰ ਕੇ ਦਿਹਾਂਤ ਹੋਇਆ ਹੈ। ਪਰਿਵਾਰ ਨੂੰ ਫੋਨ ਰਾਹੀਂ ਜਦੋਂ ਇਸ ਸਬੰਧੀ ਦੋਸਤਾਂ ਵੱਲੋਂ ਸੂਚਨਾ ਦਿੱਤੀ ਗਈ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮ੍ਰਿਤਕ ਵਿਪਨ ਅਰੋੜਾ ਆਪਣੇ ਪਿੱਛੇ ਮਾਤਾ, ਪਿਤਾ ਅਤੇ ਵੱਡੇ ਭਰਾ ਨੂੰ ਛੱਡ ਗਿਆ ਹੈ।

ਇਲਾਕੇ ਦੀਆਂ ਵੱਖ-ਵੱਖ ਸਿਆਸੀ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

# ਕੈਨੇਡਾ ਦੀ ਫੀਲਡ ਹਾਕੀ ਡਿਵੈਲਪਮੈਂਟ ਟੀਮ 'ਚ ਚਾਰ ਪੰਜਾਬੀ ਖਿਡਾਰਨਾਂ ਸ਼ਾਮਿਲ






**ਜਲੰਧਰ**: ਜਪਾਨ ਦੇ ਦੌਰੇ 'ਤੇ ਜਾ ਰਹੀ ਕੈਨੇਡਾ ਦੀਆਂ ਕੁੜੀਆਂ ਦੀ ਸੀਨੀਅਰ ਡਿਵੈਲਪਮੈਂਟ ਟੀਮ 'ਚ ਚਾਰ ਪੰਜਾਬੀ ਮੂਲ ਦੀਆਂ ਕੁੜੀਆਂ ਨੂੰ ਥਾਂ ਮਿਲੀ ਹੈ। ਇਸ ਵਿਚ ਪਰਮਦੀਪ ਗਿੱਲ, ਪਰਵਾ ਸੰਧੂ, ਪ੍ਰਭਲੀਨ ਗਰੇਵਾਲ ਤੇ ਬਵਨੀਤ ਹੋਠੀ ਨੂੰ ਇਸ ਟੀਮ 'ਚ ਖੇਡਣ ਦਾ ਮੌਕਾ ਮਿਲੇਗਾ। ਇਹ ਐਲਾਨ ਫੀਲਡ ਹਾਕੀ ਕੈਨੇਡਾ ਵਲੋਂ ਕੀਤਾ ਗਿਆ ਤੇ ਇਸ ਟੀਮ 'ਚ 23 ਸਾਲ ਤੋਂ ਘੱਟ ਉਮਰ ਵਰਗ ਦੀਆਂ ਹਾਕੀ ਖਿਡਾਰਨਾਂ ਨੂੰ ਖੇਡਣ ਦਾ ਮੌਕਾ ਮਿਲੇਗਾ ਤਾਂ ਜੋ ਭਵਿੱਖ 'ਚ ਸੀਨੀਅਰ ਟੀਮ ਨੂੰ ਤਿਆਰ ਕਰਨ ਦੀਆਂ ਸੰਭਾਵਨਾਵਾਂ ਨੂੰ ਤਰਾਸ਼ਿਆ ਜਾ ਸਕੇ। ਕੈਨੇਡਾ ਟੀਮ 'ਚ ਬਰੈਪਟਨ ਤੋਂ ਗੋਲਕੀਪਰ ਪਰਮਦੀਪ ਗਿੱਲ ਜੋ ਹਾਕੀ ਨੂੰ ਸਮਰਪਿਤ ਪਰਿਵਾਰ ਦੀ ਬੇਟੀ ਹੈ ਤੇ ਇਹ ਕੈਨੇਡਾ ਦੀਆਂ ਨੈਸ਼ਨਲ ਪੱਧਰ ਦੇ ਟੂਰਨਾਮੈਂਟਾਂ ਤੋਂ ਇਲਾਵਾ ਯੂਨੀਵਰਸਿਟੀ ਪੱਧਰ 'ਤੇ ਪਰਮਦੀਪ ਗਿੱਲ ਹਾਕੀ ਖੇਡ ਦਾ ਚੰਗਾ ਵਿਖਾਵਾ ਕਰ ਚੁੱਕੀ ਹੈ ਤੇ ਇਸ ਤੋਂ ਪਹਿਲਾ ਪਰਮਦੀਪ ਨੇ ਸਾਲ 2023 'ਚ ਇੰਡੋਰ ਵਿਸ਼ਵ ਕੱਪ 'ਚ ਕੈਨੇਡਾ ਵਲੋਂ ਹਿੱਸਾ ਲਿਆ ਸੀ। ਪਰਵਾ ਸੰਧੂ ਸਰੀ ਦੇ ਇੰਡੀਆ ਕਲੱਬ ਦੀ ਖਿਡਾਰਨ ਹੈ ਤੇ ਇਹ ਵੀ ਫੀਲਡ ਹਾਕੀ ਨਾਲ ਸਬੰਧਿਤ ਪਰਿਵਾਰ ਨਾਲ ਸਬੰਧ ਰੱਖਦੀ ਹੈ ਤੇ ਪਰਵਾ ਦੀ ਵੱਡੀ ਭੈਣ ਪੂਨਮ ਸੰਧੂ ਤੇ ਪਿਤਾ ਉਲੰਪੀਅਨ ਨਿੱਕ ਸੰਧੂ ਤੋਂ ਹਰ ਖੇਡ ਪ੍ਰੇਮੀ ਜਾਣੂ ਹੈ ਤੇ ਪਰਵਾ ਇਸ ਤੋਂ ਪਹਿਲਾਂ 2023 ਦੇ ਵਿਸ਼ਵ ਕੱਪ 'ਚ ਕੈਨੇਡਾ ਦੀ ਟੀਮ ਵਲੋਂ ਹਿੱਸਾ ਲਿਆ ਸੀ।

ਪ੍ਰਭਲੀਨ ਗਰੇਵਾਲ ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਵਲੋਂ ਖੇਡਦੀ ਹੈ ਤੇ ਪ੍ਰਭਲੀਨ ਗਰੇਵਾਲ ਦਾ ਪਰਿਵਾਰਕ ਪਿਛੋਕੜ ਖੇਡਾਂ ਦੇ ਪ੍ਰਸਿੱਧ ਪਿੰਡ ਕਿਲਾ ਰਾਏ ਪੁਰ (ਲੁਧਿਆਣਾ) ਨਾਲ ਹੈ। ਪ੍ਰਭਲੀਨ ਗਰੇਵਾਲ ਨੇ ਸਾਲ 2023 ਕੈਨੇਡਾ ਦੀ ਜੂਨੀਅਰ ਹਾਕੀ ਟੀਮ ਵਲੋਂ ਫਰਾਂਸ ਦਾ ਦੌਰਾ ਕੀਤਾ ਸੀ। ਚੌਥੀ ਖਿਡਾਰਨ ਬਵਨੀਤ ਹੋਠੀ ਸਰੀ ਦੇ ਟਾਈਗਰਜ਼ ਕਲੱਬ ਦੀ ਖਿਡਾਰਨ ਹੈ ਤੇ ਬਵਨੀਤ ਕੈਨੇਡਾ ਦੇ ਨੈਸ਼ਨਲ ਟੂਰਨਾਮੈਂਟਾਂ 'ਚ ਪਿਛਲੇ ਕਈ ਸਾਲਾਂ ਤੋਂ ਸਰਗਰਮ ਹੈ।

# ਅਦਾਲਤ ਨੇ 21 ਹਫ਼ਤਿਆਂ ਦੀ ਗਰਭਵੀ ਕੁੰਵਾਰੀ ਔਰਤ ਨੂੰ ਗਰਭਪਾਤ ਦੀ ਇਜਾਜ਼ਤ ਦਿੱਤੀ

**ਮੁੰਬਈ** - ਬੰਬੇ ਹਾਈ ਕੋਰਟ ਨੇ 23 ਸਾਲਾ ਅਣਵਿਆਹੀ ਔਰਤ ਨੂੰ 20 ਹਫ਼ਤਿਆਂ ਤੋਂ ਵੱਧ ਦਾ ਗਰਭਪਾਤ ਕਰਨ ਦੀ ਇਜਾਜ਼ਤ ਦਿੱਤੀ ਹੈ ਅਤੇ ਕਿਹਾ ਹੈ ਕਿ ਵਿਆਹੀਆਂ ਔਰਤਾਂ ਨੂੰ ਅਜਿਹੀ ਇਜਾਜ਼ਤ ਦੇਣ 'ਤੇ ਪਾਬੰਦੀ ਲਗਾਉਣਾ ਕਾਨੂੰਨ ਦੀ ਤੰਗ ਵਿਆਖਿਆ ਦੇ ਬਰਾਬਰ ਹੋਵੇਗਾ। ਡਿਵੀਜ਼ਨ ਬੈਂਚ ਨੇ ਕਿਹਾ ਕਿ ਅਜਿਹੀ ਤੰਗ ਵਿਆਖਿਆ ਅਣਵਿਆਹੀਆਂ ਔਰਤਾਂ ਵਿਰੁੱਧ ਕਾਨੂੰਨੀ ਵਿਵਸਥਾ ਨੂੰ ਵਿਤਕਰਾ ਕਰੇਗੀ ਅਤੇ ਇਸ ਤਰ੍ਹਾਂ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਕਰੇਗੀ।

ਅਦਾਲਤ ਦਾ ਫੈਸਲਾ ਅਜਿਹੇ ਸਮੇਂ ਆਇਆ ਜਦੋਂ 21 ਹਫਤਿਆਂ ਦੀ ਗਰਭਵਤੀ ਔਰਤ ਨੇ ਵਿੱਤੀ ਅਤੇ ਨਿੱਜੀ ਕਾਰਨਾਂ ਕਰਕੇ ਆਪਣੀ ਗਰਭ ਅਵਸਥਾ ਨੂੰ ਖਤਮ ਕਰਨ ਦੀ ਮੰਗ ਕੀਤੀ ਸੀ। ਜਸਟਿਸ ਸਾਰੰਗ ਕੋਤਵਾਲ ਅਤੇ ਨੀਲਾ ਗੋਖਲੇ ਦੀ ਡਿਵੀਜ਼ਨ ਬੈਂਚ ਨੇ 7 ਅਕਤੂਬਰ ਨੂੰ ਅਣਵਿਆਹੀ ਔਰਤ ਦੀ ਪਟੀਸ਼ਨ 'ਤੇ ਮਹਾਰਾਸ਼ਟਰ ਸਰਕਾਰ ਦੇ ਵਿਰੋਧ 'ਤੇ ਇਸ ਆਧਾਰ 'ਤੇ ਅਪਵਾਦ ਲਿਆ ਸੀ ਕਿ ਪਟੀਸ਼ਨਕਰਤਾ 20 ਹਫ਼ਤਿਆਂ ਤੋਂ ਵੱਧ ਗਰਭਵਤੀ ਔਰਤਾਂ ਦੀ ਵਿਸ਼ੇਸ਼ ਸ਼੍ਰੇਣੀ ਵਿੱਚ ਨਹੀਂ ਆਉਂਦੀਆਂ ਹਨ।

'ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ ਐਕਟ' (ਐੱਮ.ਟੀ.ਪੀ. ਏ.) ਨਿਯਮਾਂ ਦੇ ਨਿਯਮ 3-ਬੀ ਦੇ ਤਹਿਤ, ਸਿਰਫ ਕੁਝ ਸ਼੍ਰੇਣੀਆਂ ਦੀਆਂ ਔਰਤਾਂ ਨੂੰ 24 ਹਫਤਿਆਂ ਤੱਕ ਗਰਭਪਾਤ ਕਰਵਾਉਣ ਦੀ ਇਜਾਜ਼ਤ ਹੈ।

ਇਹਨਾਂ ਸ਼੍ਰੇਣੀਆਂ ਵਿੱਚ ਜਿਨਸੀ ਹਮਲੇ ਦੇ ਪੀੜਤ, ਨਾਬਾਲਗ, ਵਿਧਵਾਵਾਂ ਜਾਂ ਤਲਾਕਸ਼ੁਦਾ, ਸਰੀਰਕ ਜਾਂ ਮਾਨਸਿਕ ਤੌਰ 'ਤੇ ਅਪਾਹਜ ਔਰਤਾਂ ਅਤੇ ਭਰੂਣ ਦੀਆਂ ਅਸਧਾਰਨਤਾਵਾਂ ਵਾਲੇ ਸ਼ਾਮਲ ਹਨ।

ਔਰਤ ਦੀ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਉਸ ਦੀ ਗਰਭਅਵਸਥਾ ਸਹਿਮਤੀ ਨਾਲ ਸੈਕਸ ਦਾ ਨਤੀਜਾ ਸੀ ਅਤੇ ਉਸ ਕੋਲ ਬੱਚੇ ਨੂੰ ਸੰਭਾਲਣ ਲਈ ਵਿੱਤੀ ਸਾਧਨ ਨਹੀਂ ਹਨ। ਸਤੰਬਰ 2024 ਵਿੱਚ, ਔਰਤ 21 ਹਫ਼ਤਿਆਂ ਦੀ ਗਰਭਵਤੀ ਸੀ ਅਤੇ ਸਰਕਾਰੀ ਜੇਜੇ ਹਸਪਤਾਲ ਨੇ ਉਸ ਨੂੰ ਗਰਭਪਾਤ ਲਈ ਅਦਾਲਤ ਦੀ ਪ੍ਰਵਾਨਗੀ ਲੈਣ ਦੀ ਸਲਾਹ ਦਿੱਤੀ ਕਿਉਂਕਿ ਇਹ 20-ਹਫ਼ਤਿਆਂ ਦੀ ਸੀਮਾ ਨੂੰ ਪਾਰ ਕਰ ਚੁੱਕੀ ਸੀ। ਠਫਅ ਦੇ ਉਪਬੰਧਾਂ ਦੇ ਤਹਿਤ, 20 ਹਫਤਿਆਂ ਤੋਂ ਵੱਧ ਦੀ ਗਰਭ ਅਵਸਥਾ ਨੂੰ ਅਦਾਲਤ ਦੀ ਮਨਜ਼ੂਰੀ ਤੋਂ ਬਾਅਦ ਹੀ ਖਤਮ ਕੀਤਾ ਜਾ ਸਕਦਾ ਹੈ। ਅਦਾਲਤ ਨੇ ਔਰਤ ਨੂੰ ਗਰਭ ਅਵਸਥਾ ਖਤਮ ਕਰਨ ਲਈ ਡਾਕਟਰੀ ਪ੍ਰਕਿਰਿਆ ਤੋਂ ਗੁਜ਼ਰਨ ਦੀ ਇਜਾਜ਼ਤ ਦਿੱਤੀ।

# ਜ਼ਿੰਦਗੀ ਦਾ ਦੀਵਾ

ਸਿਵਿਆਂ 'ਚ ਉੱਚੀ ਲੰਮੀ, ਲਾਟ ਉੱਡ ਰਹੀ ਏ
ਔਹ ਵੇਖੋ ਬੰਦੇ ਦੀ, ਔਕਾਤ ਉੱਡ ਰਹੀ ਏ

ਉੱਚੀਆਂ ਹਵਾਵਾਂ ਵਿੱਚ, ਉੱਡਦੇ ਸੀ ਕਦੇ ਜੋ
ਉਹਨਾਂ ਦੀ ਹਵਾਵਾਂ ਵਿੱਚ, ਰਾਖ ਉੱਡ ਰਹੀ ਏ

ਸੋਨੇ ਦੇ ਮਹੱਲਾਂ ਵਾਲਾ, ਮਿੱਟੀ ਅੱਜ ਹੋ ਗਿਆ
ਸੱਥਾਂ ਅਤੇ ਭੱਠਾਂ ਵਿੱਚ, ਬਾਤ ਉੱਡ ਰਹੀ ਏ

ਉੱਡ ਰਹੀਆਂ ਜਲ ਜਲ, ਮਾਸ ਦੀਆਂ ਫੰਬੀਆਂ
ਲਾਈ ਹੋਈ ਲੱਕੜਾਂ ਦੀ, ਧਾਕ ਉੱਡ ਰਹੀ ਏ

ਕਿੱਥੇ ਚਲਾ ਗਿਆਂ ਏ ਤੂੰ, ਕੋਠੀ ਦਿਆ ਮਲਿਕਾ
ਸੜਕਾਂ ਤੇ ਤੇਰੀ ਅੱਜ, ਡਾਕ ਉੱਡ ਰਹੀ ਏ

ਜ਼ਿੰਦਗੀ ਦਾ ਦੀਵਾ ਗੁੱਲ, ਹੋਜੂਗਾ ਸਾਹੋਤੇਆ
ਹੌਲੀ ਹੌਲੀ ਸਾਹਾਂ ਵਾਲੀ, ਲਾਟ ਬੁਝ ਰਹੀ ਏ

ਕੁਲਵੀਰ ਸਿੰਘ ਡਾਨਸੀਵਾਲ
778 863 2472

# 65 ਸਾਲ ਦੀ ਉਮਰ ਵਿਚ ਸੰਜੇ ਦੱਤ ਨੇ ਚੌਥੀ ਵਾਰ ਕਰਵਾਇਆ ਵਿਆਹ



ਮੁੰਬਈ - ਸੰਜੇ ਦੱਤ ਨਾ ਸਿਰਫ ਬਾਲੀਵੁੱਡ ਸਗੋਂ ਸਾਊਥ ਫਿਲਮਾਂ 'ਚ ਵੀ ਆਪਣੀ ਦਮਦਾਰ ਅਦਾਕਾਰੀ ਨਾਲ ਲੋਕਾਂ ਨੂੰ ਆਪਣਾ ਪ੍ਰਸ਼ੰਸਕ ਬਣਾ ਰਹੇ ਹਨ। ਆਪਣੀ ਪ੍ਰੋਫੈਸ਼ਨਲ ਲਾਈਫ ਦੇ ਨਾਲ-ਨਾਲ ਉਹ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਵੀ ਸੁਰਖੀਆਂ 'ਚ ਰਹਿੰਦੇ ਹਨ। ਅਫੇਅਰ ਤੋਂ ਲੈ ਕੇ ਤਿੰਨ ਵਿਆਹਾਂ ਤੱਕ ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜੀਆਂ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਤੋਂ ਉਨ੍ਹਾਂ ਦੇ ਪ੍ਰਸ਼ੰਸਕ ਅਣਜਾਣ ਨਹੀਂ ਹਨ। ਤਿੰਨ ਵਾਰ ਵਿਆਹ ਕਰਨ ਤੋਂ ਬਾਅਦ ਸੰਜੇ ਦੱਤ ਨੇ ਚੌਥੀ ਵਾਰ ਵਿਆਹ ਕਰ ਲਿਆ ਹੈ। ਜਦੋਂ ਉਨ੍ਹਾਂ ਨੇ ਆਪਣੀ ਤੀਜੀ ਪਤਨੀ ਨਾਲ ਦੂਜੀ ਵਾਰ ਫੇਰੇ ਲਏ ਸਨ ਤਾਂ ਕੁਝ ਹੀ ਸਮੇਂ 'ਚ ਵੀਡੀਓ ਵਾਇਰਲ ਹੋ ਗਿਆ। ਕੀ ਹੈ ਮਸਲਾ, ਆਓ ਤੁਹਾਨੂੰ ਦੱਸਦੇ ਹਾਂ। ਦੱਸ ਦਈਏ ਕਿ ਸੰਜੇ ਦੱਤ ਅਤੇ ਮਾਨਯਤਾ ਦੱਤ ਦਾ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਸ ਵੀਡੀਓ 'ਚ ਉਹ ਆਪਣੇ ਘਰ ਦੀ ਬਾਲਕੋਨੀ 'ਚ ਹਵਨ ਕੁੰਡ ਦੇ ਦੁਆਲੇ ਚੱਕਰ ਲਗਾਉਂਦੇ ਨਜ਼ਰ ਆ ਰਹੇ ਹਨ।

ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ
Transparent IMMIGRATION SERVICES INC
✔ Visitor Visa/Extension
✔ Super Visa
✔ Study Permit/PGWP
✔ LMIA
✔ Work Permit
✔ Spousal Sponsorship
✔ Express Entry Application
✔ PR Application/Renewal
✔ Citizenship Application
✔ Family Sponsorship
Maninder Kaur (RCIC)
For more information Contact 778-951-8252
#219, 7928-128 St. Surrey, British Columbia, V3W 4E8
Email: info@transparentimmigration.com



CONNECT INSURANCE BROKERS INC.
ਸੁਪਰ ਵੀਜ਼ਾ ਇੰਸ਼ੋਰੈਂਸ
• Autoplan
• Home
• Travel
• Mortgage
• Tenant
Call Now!
604.553.6616
#105 23200 Gilley Road, Richmond
Queensborough Area



ANSATEL COMMUNICATIONS INC.
Highest Quality Products. Unsurpassed Service.
Panasonic ideas for life
■ VOIP Telephone Systems
■ VOIP Phone Lines
■ Data & Telephone Cabling
■ Automatic Call Distribution
■ CTI (Computer Telephone Integration)
■ Wireless & Corded Headsets
■ Multiline Wireless Telephones
■ Lease Or Rental Packages
■ Service Other Makes & Models
Helping Lower Mainland Businesses Since 1983
Customized Solutions to Suit Your Needs.
604-872-6500
24/7 SALES & SERVICE
940 Kingsway, Vancouver
www.ansatel.com • info@ansatel.com



# ਵਾਹਿਦ ਨੇ ਭਾਸ਼ਾ ਵਿਭਾਗ ਨੂੰ ਪੁਰਸਕਾਰ ਮੋੜਿਆ

ਭਾਸ਼ਾ ਵਿਭਾਗ, ਪੰਜਾਬ

**ਦਿੜ੍ਹਬਾ** : ਪੰਜਾਬੀ ਸਾਹਿਤ ਦੇ ਨਾਮਵਰ ਸਾਹਿਤਕਾਰ ਸਤਨਾਮ ਸਿੰਘ ਵਾਹਿਦ ਨੇ ਪੰਜਾਬ ਸਰਕਾਰ ਦੀ ਸਹਾਇਕ ਪ੍ਰੋਫੈਸਰਾਂ ਦੀ ਨਿਯੁਕਤੀ ਸਹੀ ਢੰਗ ਨਾਲ ਅਤੇ ਸਮੇਂ ਉਤੇ ਪੂਰੀ ਨਾ ਕਰਨ 'ਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ 2022 ਵਿੱਚ ਦਿੱਤਾ ਗਿਆ ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਅਵਾਰਡ ਵਾਪਿਸ ਕਰਨ ਦਾ ਫੈਸਲਾ ਲਿਆ ਹੈ। ਉਸ ਨੇ ਕਿਹਾ ਕਿ ਹਰ ਮਾਣ ਸਨਮਾਨ ਵੀ ਉਦੋਂ ਹੀ ਸ਼ੋਭਦੇ ਹਨ ਜਦ ਸਾਡੇ ਕੋਲ ਸਾਡੀ ਯੋਗਤਾ ਮੁਤਾਬਕ ਸਨਮਾਨਜਨਕ ਰੁਜ਼ਗਾਰ ਹੋਵੇ। ਜ਼ਿੰਦਗੀ ਸਿਰਫ਼ ਸਨਮਾਨਾਂ ਦੇ ਆਸਰੇ ਬਤੀਤ ਨਹੀਂ ਹੁੰਦੀ।ਆਪਣੀ ਉਮਰ ਦੇ ਲੱਗਭਗ ਚਾਰ ਦਹਾਕੇ ਬੀਤਾ ਚੁੱਕੇ ਵਾਹਿਦ ਲਈ ਅਜੇ ਤੱਕ ਕੋਈ ਢੰਗ ਦੇ ਰੁਜ਼ਗਾਰ ਦੀ ਵਿਵਸਥਾ ਨਹੀਂ ਹੋਈ। ਦਿੜ੍ਹਬਾ ਹਲਕੇ ਦੇ ਪਿੰਡ ਖੜਿਆਲ ਦੇ ਰਹਿਣ ਵਾਲੇ ਪੰਜਾਬੀ ਦੇ ਪ੍ਰਸਿੱਧ ਕਵੀ ਲੇਖਕ ਸਤਨਾਮ ਸਿੰਘ ਵਾਹਿਦ ਨੇ ਕਿਹਾ ਕਿ ਉਹ ਸਾਲ 2021 'ਚ 1158 ਸਹਾਇਕ ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਦੀ ਭਰਤੀ ਵਿਚ ਸਿਲੈਕਟ ਹੋ ਚੁੱਕਾ ਹੈ ਪਰ ਭਰਤੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਅਟਕ ਗਈ।

23 ਸਤੰਬਰ 2024 ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਡਬਲ ਬੈਂਚ ਨੇ ਭਰਤੀ ਨੂੰ ਹਰੀ ਝੰਡੀ ਦੇ ਦਿੱਤੀ। ਸਰਕਾਰ ਨੇ ਲੱਗਭਗ 700 ਉਮੀਦਵਾਰ ਜੁਆਇੰਨ ਕਰਾ ਦਿੱਤੇ। ਪਰ ਸਰਕਾਰ ਦੀ ਪਤਾ ਨਹੀਂ ਕੀ ਨੀਤੀ ਹੈ ਉਹ ਪੰਜਾਬੀ, ਹਿੰਦੀ , ਅੰਗਰੇਜ਼ੀ, ਭੂਗੋਲ ਤੇ ਸਿੱਖਿਆ ਵਿਭਾਗ ਦੇ 411 ਉਮੀਦਵਾਰਾਂ ਦੀ ਕੋਈ ਸਾਰ ਨਹੀਂ ਲਈ। ਸਿੱਖਿਆ ਮੰਤਰੀ ਕੋਈ ਗਲ ਸੁਣਨ ਲਈ ਤਿਆਰ ਨਹੀਂ ਹੈ।

ਇਸ ਲਈ ਰੋਸ ਵਜੋ ਉਹ ਭਾਸ਼ਾ ਵਿਭਾਗ ਵੱਲੋਂ 2021 ਦਾ ਸਰਵੋਤਮ ਕਾਵਿ ਪੁਸਤਕ ਸਨਮਾਨ 'ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਪੁਰਸਕਾਰ' ਜੋ 2022 ਵਿਚ ਦਿੱਤਾ ਉਸ ਨੂੰ ਵਾਪਿਸ ਕਰ ਰਿਹਾ ਹਾਂ। ਉਸ ਨੇ ਭਰੇ ਮਨ ਨਾਲ ਕਿਹਾ ਕਿ ਬੇਕਾਰ, ਲਾਚਾਰ ਤੇ ਰੁਲਦੀ ਖੁਲ਼ਦੀ ਹਾਲਤ ਦੇਖ ਕੇ ਉਸ ਨੂੰ ਇਹ ਅਹਿਸਾਸ ਹੋਇਆ ਕਿ ਉਹ ਇਸ ਸਨਮਾਨ ਦਾ ਹੱਕਦਾਰ ਨਹੀਂ ਹੈ। ਜੇਕਰ ਸਰਕਾਰ ਉਸ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਨਹੀਂ ਦੇ ਸਕਦੀ ਤਾਂ ਉਹ ਪੰਜਾਬ ਸਰਕਾਰ ਦਾ ਸਨਮਾਣ ਵੀ ਨਹੀਂ ਰੱਖ ਸਕਦਾ। ਪੰਜਾਬ ਸਰਕਾਰ ਪ੍ਰਤੀ ਆਪਣੀ ਬੇਯਕੀਨੀ ਤੇ ਨਾਰਾਜ਼ਗੀ ਸਾਬਤ ਕਰਦਿਆਂ ਉਸ ਨੇ ਇਹ ਸਨਮਾਨ ਅਗਲੇ ਮਹੀਨੇ ਭਾਸ਼ਾ ਵਿਭਾਗ ਵੱਲੋਂ ਮਾਤ ਭਾਸ਼ਾ ਮਹੀਨੇ ਦੇ ਸਮਾਗਮ ਵਿਚ ਵਾਪਸ ਕਰਨ ਦਾ ਫੈਸਲਾ ਕੀਤਾ ਹੈ।


# ਪੰਜਾਬੀ ਲੋਕ ਨਾਚਾਂ ਦੇ ਸੰਸਾਰ ਪੱਧਰੀ ਮੁਕਾਬਲੇ ਅੱਜ ਤੋਂ




**ਸਰੀ:** ਇੰਟਰਨੈਸ਼ਨਲ ਪੰਜਾਬੀ ਫੋਕ ਆਰਟਸ ਸੁਸਾਇਟੀ ਵੱਲੋਂ ਆਪਣਾ ਦੂਜਾ ਸੰਸਾਰ ਪੱਧਰੀ ਲੋਕ ਨਾਚ ਮੇਲਾ 11 ਤੋਂ 13 ਅਕਤੂਬਰ ਤਕ ਬੈੱਲ ਪ੍ਰਫਾਰਮਿੰਗ ਸੈਂਟਰ, ਸਰੀ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਵੱਖ-ਵੱਖ ਦੇਸ਼ਾਂ ਤੋਂ ਭੰਗੜਾ, ਗਿੱਧਾ, ਲੁੱਡੀ, ਸੰਮੀ, ਝੂੰਮਰ ਅਤੇ ਮਲਵਈ ਗਿੱਧੇ ਦੀਆਂ ਟੀਮਾਂ ਪਹੁੰਚ ਰਹੀਆਂ ਹਨ। ਇਸ ਤੋਂ ਇਲਾਵਾ ਪੰਜਾਬੀ ਲੋਕ ਗੀਤ, ਲੋਕ ਸਾਜ਼ ਅਤੇ ਲੋਕ ਸਾਜ਼ ਜੁਗਤ-ਬੰਦੀ (ਫੋਕ ਔਰਕੈਸਟਰਾ) ਦੇ ਮੁਕਾਬਲੇ ਵੀ ਕਰਵਾਏ ਜਾਣਗੇ।

ਇੰਟਰਨੈਸ਼ਨਲ ਪੰਜਾਬੀ ਫੋਕ ਆਰਟਸ ਦੇ ਮੁੱਖ ਬੁਲਾਰੇ ਡਾ. ਸੁਖਵਿੰਦਰ ਸਿੰਘ ਵਿਰਕ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਸੋਸਾਇਟੀ ਦਾ ਮੁੱਖ ਉਦੇਸ਼ ਵਿਦੇਸ਼ਾਂ ਵਿਚ ਰਹਿੰਦੀ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ ਦੀਆਂ ਪ੍ਰਮੁੱਖ ਵਿਧਾਵਾਂ ਲੋਕ ਨਾਚ ਤੇ ਲੋਕ ਸੰਗੀਤ ਨਾਲ ਜੋੜਨ ਅਤੇ ਜਾਗਰੂਕ ਕਰਨ ਤੋਂ ਇਲਾਵਾ ਇਹਨਾਂ ਸਾਰੀਆਂ ਵੰਨਗੀਆਂ ਨੂੰ ਪ੍ਰਮਾਣਿਕ ਰੂਪ ਵਿੱਚ ਸੁਰੱਖਿਅਤ ਅਗਲੀ ਪੀੜ੍ਹੀ ਤੱਕ ਲੈ ਜਾਣਾ ਹੈ। ਡਾ. ਵਿਰਕ ਨੇ ਅੱਗੇ ਦੱਸਿਆ ਕਿ 11-12-13 ਅਕਤੂਬਰ 2024 ਨੂੰ ਹੋਣ ਵਾਲੇ ਵਰਲਡ ਫੋਕ ਫੈਸਟੀਵਲ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਜਿਨ੍ਹਾਂ ਵਿਚ ਦੇਸ਼ਾਂ ਵਿਦੇਸ਼ਾਂ ਤੋਂ ਆਉਣ ਵਾਲੀਆਂ ਟੀਮਾਂ ਦੀ ਰਿਹਾਇਸ਼, ਖਾਣ ਪੀਣ ਅਤੇ ਟ੍ਰਾਂਸਪੋਰਟੇਸ਼ਨ ਦੇ ਪ੍ਰਬੰਧ ਸ਼ਾਮਿਲ ਹਨ। ਉਹਨਾਂ ਹੋਰ ਦੱਸਿਆ ਕਿ ਸਭ ਤੋਂ ਜ਼ਰੂਰੀ ਅਤੇ ਜ਼ਿੰਮੇਵਾਰੀ ਦਾ ਕੰਮ, ਮੁਕਾਬਲਿਆਂ ਲਈ ਤਜਰਬੇਕਾਰ ਜੱਜਾਂ ਦੀ ਚੋਣ ਕਰਨਾ ਹੈ ਤਾਂ ਜੋ ਕਈ ਮਹੀਨਿਆਂ ਦੀ ਲੰਮੀ ਮਿਹਨਤ ਤੋਂ ਬਾਅਦ ਮੁਕਾਬਲੇ ਵਿਚ ਭਾਗ ਲੈਣ ਆਈਆਂ ਟੀਮਾਂ ਦੀ ਨਿਆਏ ਸੰਗਤ ਅਤੇ ਨਿਰਪੱਖ ਨਿਰਖ ਪਰਖ ਕੀਤੀ ਜਾ ਸਕੇ। ਇਸ ਲਈ ਜ਼ਿੰਦਗੀ ਦਾ ਲੰਮਾ ਤਜਰਬਾ ਰੱਖਣ ਵਾਲੇ ਜੱਜਾਂ ਦਾ ਇਕ ਪੈਨਲ ਬਣਾਇਆ ਗਿਆ ਹੈ। ਪਹਿਲੇ ਦੂਜੇ ਅਤੇ ਤੀਜੇ ਥਾਂ ਤੇ ਆਉਣ ਵਾਲੀਆਂ ਟੀਮਾਂ ਦੇ ਵਿਸ਼ੇਸ਼ ਇਨਾਮਾਂ ਤੋਂ ਇਲਾਵਾ, ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੇ ਸਾਰੇ ਕਲਾਕਾਰਾਂ ਲਈ ਨਿੱਜੀ ਇਨਾਮਾਂ ਦਾ ਪ੍ਰਬੰਧ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਫੈਸਟੀਵਲ ਵਿੱਚ ਸੰਸਾਰ ਭਰ ਤੋਂ ਲਗਭਗ 70 ਟੀਮਾਂ ਦੇ ਤਕਰੀਬਨ 800 ਮੁਕਾਬਲੇਬਾਜ ਹਿੱਸਾ ਲੈ ਰਹੇ ਹਨ।

Chic Chic Chicken
Fresh & Tasty!
WITH INDIAN STREET FOOD



kulcha Chana
Samosa Chaat
Gol gappa
Hot Gulab Jamun
Vada Pav
Burger
Wraps
Soft Taco

1386 Kingsway, Vancouver, BC V5V 3E4
For Order Call: (604) 332-2442

# ਆਇਰਨ ਲੇਡੀ 'ਦੁਰਗਾ ਭਾਬੀ' ਨੇ ਰਚਿਆ ਇਤਿਹਾਸ

ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਸੰਘਰਸ਼ 'ਚ ਨਾਰੀ ਸ਼ਕਤੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ, ਜਿਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਅੰਗਰੇਜ਼ਾਂ ਨਾਲ ਲੜਣ 'ਚ ਸਹਿਯੋਗ ਕੀਤਾ।

ਇਨ੍ਹਾਂ ਬਹਾਦਰ ਔਰਤਾਂ 'ਚ ਕ੍ਰਾਂਤੀਕਾਰੀ ਦੁਰਗਾਵਤੀ ਵੀ ਸ਼ਾਮਲ ਹੈ, ਜਿਸ ਨੂੰ ਸਾਰੇ ਦੁਰਗਾ ਭਾਬੀ ਅਤੇ ਭਾਰਤ ਦੀ 'ਆਇਰਨ ਲੇਡੀ' ਦੇ ਨਾਂ ਤੋਂ ਜਾਣਦੇ ਹਨ। ਦੁਰਗਾ ਭਾਬੀ ਆਜ਼ਾਦੀ ਯੋਧਿਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਜ਼ਾਦੀ ਦੀ ਲੜਾਈ ਲੜਦੀ ਰਹੀ। ਉਹ ਅੰਗਰੇਜ਼ਾਂ ਨਾਲ ਲੋਹਾ ਲੈਣ ਜਾ ਰਹੇ ਦੇਸ਼ ਦੇ ਸਪੂਤਾਂ ਨੂੰ ਟਿੱਕਾ ਲਗਾ ਕੇ ਲੜਨ ਲਈ ਭੇਜਦੀ ਸੀ।





ਦੁਰਗਾ ਭਾਬੀ ਦਾ ਜਨਮ 7 ਅਕਤੂਬਰ, 1907 ਨੂੰ ਉੱਤਰ ਪ੍ਰਦੇਸ਼ ਦੇ ਸ਼ਹਿਜ਼ਾਦਪੁਰ ਪਿੰਡ 'ਚ ਪੰਡਿਤ ਬਾਂਕੇ ਬਿਹਾਰੀ ਦੇ ਘਰ ਹੋਇਆ। ਇਨ੍ਹਾਂ ਦੇ ਪਿਤਾ ਇਲਾਹਾਬਾਦ ਕਲੈਕਟ 'ਚ ਨਾਜ਼ਿਰ ਸਨ ਅਤੇ ਇਨ੍ਹਾਂ ਦੇ ਬਾਬਾ ਮਹੇਸ਼ ਪ੍ਰਸਾਦ ਭੱਟ ਜਾਲੌਨ ਜ਼ਿਲੇ 'ਚ ਥਾਣੇਦਾਰ।

10 ਸਾਲ ਦੀ ਛੋਟੀ ਉਮਰ 'ਚ ਹੀ ਇਨ੍ਹਾਂ ਦਾ ਵਿਆਹ ਲਾਹੌਰ ਦੇ ਭਗਵਤੀ ਚਰਨ ਬੋਹਰਾ ਨਾਲ ਹੋ ਗਿਆ।ਇਸ ਦੇ ਸਹੁਰਾ ਸਾਹਿਬ ਸ਼ਿਵਚਰਨ ਜੀ ਰੇਲਵੇ 'ਚ ਉੱਚੇ ਅਹੁਦੇ 'ਤੇ ਤਾਇਨਾਤ ਸਨ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਰਾਏ ਸਾਹਿਬ ਦਾ ਖਿਤਾਬ ਦਿੱਤਾ ਸੀ। ਭਗਵਤੀ ਚਰਨ ਬੋਹਰਾ ਰਾਏ ਸਾਹਿਬ ਦਾ ਪੁੱਤਰ ਹੋਣ ਦੇ ਬਾਵਜੂਦ ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣਾ ਚਾਹੁੰਦੇ ਸਨ।ਉਹ ਕ੍ਰਾਂਤੀਕਾਰੀ ਸੰਗਠਨ ਦੇ ਪ੍ਰਚਾਰ ਸਕੱਤਰ ਸਨ। 1920 'ਚ ਪਿਤਾ ਦੀ ਮੌਤ ਦੇ ਬਾਅਦ ਭਗਵਤੀ ਚਰਨ ਵੋਹਰਾ ਖੁੱਲ੍ਹ ਕੇ ਕ੍ਰਾਂਤੀ 'ਚ ਆ ਗਏ ਅਤੇ ਦੁਰਗਾ ਭਾਬੀ ਨੇ ਵੀ ਉਨ੍ਹਾਂ ਦਾ ਪੂਰਾ ਸਹਿਯੋਗ ਕੀਤਾ।

1923 'ਚ ਦੁਰਗਾ ਭਾਬੀ ਨੇ ਪ੍ਰਭਾਕਰ ਦੀ ਡਿਗਰੀ ਹਾਸਲ ਕੀਤੀ। ਮਾਰਚ 1926 'ਚ ਭਗਵਤੀ ਚਰਨ ਵੋਹਰਾ ਅਤੇ ਭਗਤ ਸਿੰਘ ਨੇ ਸੰਯੁਕਤ ਰੂਪ ਨਾਲ ਨੌਜਵਾਨ ਭਾਰਤ ਸਭਾ ਦਾ ਖਾਕਾ ਤਿਆਰ ਕੀਤਾ ਅਤੇ ਰਾਮਚੰਦਰ ਕਪੂਰ ਨਾਲ ਮਿਲ ਕੇ ਇਸ ਦੀ ਸਥਾਪਨਾ ਕੀਤੀ।

ਭਗਤ ਸਿੰਘ ਅਤੇ ਭਗਵਤੀ ਚਰਨ ਵੋਹਰਾ ਸਮੇਤ ਮੈਂਬਰਾਂ ਨੇ ਆਪਣੇ ਖੂਨ ਨਾਲ ਪ੍ਰਤਿੱਗਿਆ ਪੱਤਰ 'ਤੇ ਹਸਤਾਖਰ ਕੀਤੇ। ਇਨ੍ਹਾਂ ਦਾ ਘਰ ਕ੍ਰਾਂਤੀਕਾਰੀਆਂ ਦਾ ਆਰਾਮ ਕਰਨ ਵਾਲੀ ਥਾਂ ਬਣ ਗਿਆ ਸੀ। ਇਸ ਲਈ ਸਾਰੇ ਕ੍ਰਾਂਤੀਕਾਰੀ ਇਨ੍ਹਾਂ ਨੂੰ 'ਭਾਬੀ' ਕਹਿਣ ਲੱਗੇ ਸਨ।

1927 'ਚ ਲਾਲਾ ਲਾਜਪਤ ਰਾਏ ਜੀ ਦੀ ਮੌਤ ਦਾ ਬਦਲਾ ਲੈਣ ਲਈ ਲਾਹੌਰ 'ਚ ਬੁਲਾਈ ਬੈਠਕ ਦੀ ਪ੍ਰਧਾਨਗੀ ਦੁਰਗਾ ਭਾਬੀ ਨੇ ਕੀਤੀ ਸੀ।ਸਾਂਡਰਸ ਦੀ ਹੱਤਿਆ ਤੋਂ 2 ਦਿਨ ਬਾਅਦ ਰਾਜਗੁਰੂ ਨੇ ਦੁਰਗਾ ਭਾਬੀ ਤੋਂ ਮਦਦ ਮੰਗੀ ਅਤੇ ਉਹ ਤਿਆਰ ਹੋ ਗਈ। ਹਰ ਪਾਸੇ ਪੁਲਸ ਦਾ ਪਹਿਰਾ ਸੀ, ਅਜਿਹੇ 'ਚ ਦੁਰਗਾ ਭਾਬੀ ਨੇ ਭੇਸ ਬਦਲ ਕੇ ਭਗਤ ਸਿੰਘ ਦੀ ਪਤਨੀ ਬਣ ਉਨ੍ਹਾਂ ਨੂੰ ਲਾਹੌਰ ਤੋਂ ਕੱਢਣ 'ਚ ਕਲਕੱਤਾ ਮੇਲ ਤੋਂ ਯਾਤਰਾ ਕਰਨ 'ਚ ਮਦਦ ਕੀਤੀ।ਦੋ ਫਸਟ ਕਲਾਸ ਕੰਪਾਰਟਮੈਂਟ ਦੀਆਂ ਟਿਕਟਾਂ ਲੈ ਤੇ ਭਗਤ ਸਿੰਘ ਅਤੇ ਦੁਰਗਾ ਭਾਬੀ ਮੀਆਂ-ਬੀਵੀ ਦੀ ਤਰ੍ਹਾਂ ਬੈਠ ਗਏ ਅਤੇ ਸਰਵੈਂਟਸ ਕੰਪਾਰਮੈਂਟ 'ਚ ਰਾਜਗੁਰੂ ਬੈਠ ਗਏ। ਇਸੇ ਟ੍ਰੇਨ ਦੇ ਇਕ ਡੱਬੇ 'ਚ ਚੰਦਰਸ਼ੇਖਰ ਆਜ਼ਾਦ ਵੀ ਸਨ, ਜੋ ਤੀਰਥ ਯਾਤਰੀਆਂ ਦੇ ਗਰੁੱਪ ਵਿਚ ਸ਼ਾਮਲ ਹੋ ਕੇ ਚੌਪਾਈਆਂ ਗਾਉਂਦੇ ਹੋਏ ਸਫਰ ਦੇ ਨਾਲ-ਨਾਲ ਇਨ੍ਹਾਂ ਦੀ ਸੁਰੱਖਿਆ 'ਤੇ ਧਿਆਨ ਦੇ ਰਹੇ ਸਨ।

ਇਨ੍ਹਾਂ ਦੇ ਪਤੀ ਭਗਵਤੀ ਚਰਨ ਵੋਹਰਾ ਰਾਵੀ ਨਦੀ ਦੇ ਕੰਢੇ 'ਤੇ ਲਾਹੌਰ 'ਚ ਬੰਬ ਦਾ ਟੈਸਟ ਕਰ ਰਹੇ ਸਨ। 28 ਮਈ,1930 ਨੂੰ ਅਚਾਨਕ ਬੰਬ ਫਟ ਗਿਆ ਅਤੇ ਉਹ ਸ਼ਹੀਦ ਹੋ ਗਏ। ਦੁਰਗਾ ਭਾਬੀ ਨੂੰ ਵੱਡਾ ਝਟਕਾ ਲੱਗਾ। ਸਾਥੀ ਕ੍ਰਾਂਤੀਕਾਰੀਆਂ ਦੇ ਇਕ-ਇਕ ਕਰ ਕੇ ਸ਼ਹੀਦ ਹੋ ਜਾਣ ਤੋਂ ਬਾਅਦ ਦੁਰਗਾ ਭਾਬੀ ਇਕਦਮ ਇਕੱਲੀ ਪੈ ਗਈ।ਉਹ ਆਪਣੇ 5 ਸਾਲਾ ਪੁੱਤਰ ਸ਼ਚੀਂਦਰ ਨੂੰ ਸਿੱਖਿਆ ਦਿਵਾਉਣ ਦੀ ਵਿਵਸਥਾ ਕਰਨ ਦੇ ਉਦੇਸ਼ ਨਾਲ ਦਿੱਲੀ, ਲਾਹੌਰ, ਮਦਰਾਸ ਹੁੰਦੇ ਹੋਏ ਗਾਜ਼ੀਆਬਾਦ ਚਲੀ ਆਈ ਅਤੇ ਇਕ ਆਮ ਨਾਗਰਿਕ ਦੇ ਰੂਪ 'ਚ ਗੁੰਮਨਾਮੀ 'ਚ ਰਹਿਣਾ ਸ਼ੁਰੂ ਕਰ ਦਿੱਤਾ।

ਲੋਕਾਂ ਨੂੰ ਦੁਰਗਾ ਭਾਬੀ ਦੀ ਆਖਰੀ ਖਬਰ, 15 ਅਕਤੂਬਰ, 1999 ਦੇ ਦਿਨ ਮਿਲੀ, ਜਦੋਂ ਗਾਜ਼ੀਆਬਾਦ ਦੇ ਇਕ ਫਲੈਟ 'ਚ ਉਨ੍ਹਾਂ ਦੀ ਮੌਤ ਹੋ ਗਈ।ਉਦੋਂ ਉਹ 92 ਸਾਲ ਦੀ ਸੀ।

-ਸੁਰੇਸ਼ ਗੋਇਲ

# ਐਮੀ ਵਿਰਕ ਦੇ ਪਿਤਾ ਸਰਬਸੰਮਤੀ ਨਾਲ ਸਰਪੰਚ ਬਣੇ



**ਨਾਭਾ:** ਇੱਥੋਂ ਦੇ ਪਿੰਡ ਲੋਹਾਰ ਮਾਜਰਾ ਦੇ ਵਾਸੀ ਕੁਲਜੀਤ ਸਿੰਘ (62) ਸਰਬਸੰਮਤੀ ਨਾਲ ਸਰਪੰਚ ਚੁਣੇ ਗਏ ਹਨ। ਉਹ ਉੱਘੇ ਗਾਇਕ, ਅਦਾਕਾਰ ਐਮੀ ਵਿਰਕ ਅਤੇ ਫ਼ਿਲਮ ਨਿਰਮਾਤਾ ਭਗਵੰਤ ਪਾਲ ਸਿੰਘ ਦੇ ਪਿਤਾ ਹਨ। 375 ਵੋਟਾਂ ਵਾਲਾ ਇਹ ਸਾਰਾ ਹੀ ਪਿੰਡ ਵੰਡ ਮੌਕੇ ਪਾਕਿਸਤਾਨ ਦੇ ਸ਼ੇਖੂਪੁਰ ਜ਼ਿਲ੍ਹੇ ਵਿੱਚੋਂ ਉੱਜੜ ਕੇ ਆਇਆ ਸੀ। ਕੁਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਸਿਆਸਤ ਵਿੱਚ ਆਉਣ ਦਾ ਕੋਈ ਇਰਾਦਾ ਨਹੀਂ ਸੀ। ਪਿੰਡ ਵਾਸੀਆਂ ਦੇ ਜ਼ੋਰ ਪਾਉਣ 'ਤੇ ਹੀ ਉਹ ਸਰਪੰਚ ਬਣੇ ਹਨ। ਉਨ੍ਹਾਂ ਦੱਸਿਆ ਕਿ ਵੰਡ ਦੇ ਉਜਾੜੇ ਤੋਂ ਬਾਅਦ ਹੁਣ ਪਿੰਡ ਵਿੱਚ ਪਰਵਾਸ ਦੇ ਰੁਝਾਨ ਤੋਂ ਲੋਕ ਚਿੰਤਤ ਹਨ। ਉਨ੍ਹਾਂ ਦੱਸਿਆ ਕਿ 375 ਵਿੱਚੋਂ ਇਥੇ ਵੋਟ ਪਾਉਣ ਵਾਲੇ ਤਾਂ 300 ਤੋਂ ਵੀ ਘੱਟ ਹਨ ਕਿਉਂਕਿ ਬਹੁਤੇ ਨੌਜਵਾਨ ਵਿਦੇਸ਼ ਜਾ ਵਸੇ ਹਨ। ਉਨ੍ਹਾਂ ਦੇ ਪੁੱਤਰ ਅਤੇ ਇਸੇ ਪਿੰਡ ਦਾ ਜੰਮਪਲ ਐਮੀ ਵਿਰਕ ਨੇ ਵੀ ਸਰਪੰਚੀ ਵਿੱਚ ਆਉਣ ਲਈ ਇੱਕ ਵਾਰੀ ਇਤਰਾਜ਼ ਪ੍ਰਗਟਾਇਆ ਸੀ ਪਰ ਪਿੰਡ ਵਾਲਿਆਂ ਦੇ ਜ਼ੋਰ ਅੱਗੇ ਉਸ ਨੇ ਵੀ ਸਿਰ ਨਿਵਾ ਦਿੱਤਾ।

ਉਨ੍ਹਾਂ ਦੇ ਬੱਚਿਆਂ ਨੂੰ ਇਲਾਕੇ ਦਾ ਬਹੁਤ ਮੋਹ ਹੈ, ਇਸੇ ਕਰਕੇ ਐਮੀ ਵਿਰਕ ਦੀ ਹਰ ਫ਼ਿਲਮ ਵਿੱਚ ਨਾਭੇ ਦੇ ਕਿਸੇ ਪਿੰਡ ਦਾ ਜ਼ਿਕਰ ਜ਼ਰੂਰ ਹੁੰਦਾ ਹੈ ਤੇ ਉਹ ਇਥੇ ਅਕਸਰ ਆ ਕੇ ਰਹਿੰਦੇ ਹਨ।



SW MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : 604-507-8009
Fax: 1-855-796-3342
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SW MEDIA GROUP
#13 - 11888 MELLIS DR.
RICHMOND BC
V6X 1M1
PUBLICATION MAIL
Contract/Agreement
# is 41798524

0826193 BC Ltd. dba
SW Media Group
(Punjabi Journal)
is not responsible or legally liable for any matter or typing mistake.

**Managing Director**
**KANWALJEET SINGH RANDHAWA**

**For Advertising**
**Lucky, Jaspreet, Abhi, Sabby**

**Graphic Designer**
**Ashu Kashyap**

# ਗਿਆਨ ਵਿਹੂਣਾ ਗਾਵੈ ਗੀਤ



ਇਕ ਗਿਆਨੀ ਬੰਦਾ ਕਦੇ ਵੀ ਆਪਣੇ ਆਪ ਨੂੰ ਗਿਆਨ ਦਾ ਸਾਗਰ ਨਹੀਂ ਆਖਦਾ ਸਗੋਂ ਉਸ ਦੇ ਮੂੰਹੋਂ ਹਮੇਸ਼ਾ ਇਹ ਸ਼ਬਦ ਨਿੱਕਲਦਾ ਹੈ ਕਿ ਉਹ ਇਸ (ਗਿਆਨ ਦੇ ਕਿਸੇ ਵੀ ਇਕ ਅੰਗ) ਬਾਰੇ ਜਾਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਗਿਆਨ ਦਾ ਸਾਗਰ ਬੜਾ ਵਸੀਹ ਹੈ ਅਤੇ ਇਸ ਦੀ ਥਾਹ ਪਾਉਣੀ ਕਿਸੇ ਵਾਸਤੇ ਓਨੀ ਹੀ ਔਖੀ ਹੁੰਦੀ ਹੈ ਜਿੰਨੀ ਕਿਸੇ ਸਮੁੰਦਰ ਦੀਆਂ ਤਹਿਆਂ ਨੂੰ ਜਾਣਨ ਦਾ ਕੰਮ। ਬੁਢਾਪੇ ਵਿਚ ਪਹੁੰਚਿਆ ਹੋਇਆ ਇਕ ਸੰਗੀਤਕਾਰ ਇਹ ਕਹਿ ਰਿਹਾ ਸੀ ਕਿ ਉਹ ਸੰਗੀਤ ਦੀਆਂ ਬਰੀਕੀਆਂ ਦੀ ਸਿਖਲਾਈ ਲੈਣ ਦਾ ਯਤਨ ਕਰ ਰਿਹਾ ਹੈ।

ਅਜਿਹੇ ਲੋਕ ਸਾਨੂੰ ਅਕਸਰ ਮਿਲ ਜਾਂਦੇ ਹਨ; ਜਿਨ੍ਹਾਂ ਨੂੰ ਜੇ ਕਿਧਰੇ ਕੋਈ ਅਹੁਦਾ ਮਿਲ ਜਾਵੇ ਤਾਂ ਉਹ ਆਪਣੇ ਆਪ ਨੂੰ ਅਹੁਦੇਦਾਰ ਸਮਝਣ ਦੇ ਨਾਲ ਹੀ ਸਿਆਣਾ ਵੀ ਸਮਝਣ ਲੱਗ ਪੈਂਦੇ ਹਨ।

**ਲੋਕ ਸਾਹਿਤ ਹੈ ਗਿਆਨ ਦਾ ਸਰੋਤ:**

ਗਿਆਨ ਦਾ ਪਹਿਲਾ ਸਰੋਤ ਸਾਡਾ ਸਮਾਜਕ ਵਿਹਾਰ ਹੁੰਦਾ ਹੈ। ਵਿਸ਼ੇਸ਼ ਕਰਕੇ ਸਾਡੇ ਵੱਡੇ-ਵਡੇਰਿਆਂ ਨੇ ਜੋ ਕੁੱਝ ਆਪਣੇ ਤਜਰਬੇ ਦੇ ਆਧਾਰ 'ਤੇ ਸਿੱਟੇ ਕੱਢੇ ਹੁੰਦੇ ਹਨ; ਜੇਕਰ ਗਿਆਨ ਹਾਸਲ ਕਰਨ ਵਾਲਾ ਬੰਦਾ ਉਨ੍ਹਾਂ ਤਜਰਬਿਆਂ ਦਾ ਮੁਤਾਲਿਆ ਕਰੇ ਤਾਂ ਉਸ ਨੂੰ ਬੜਾ ਕੁੱਝ ਹਾਸਲ ਹੋ ਸਕਦਾ ਹੈ। ਹਰੇਕ ਸਮਾਜਕ ਖਿੱਤੇ ਵਿਚ ਪ੍ਰਚੱਲਤ ਲੋਕ- ਕਥਾਵਾਂ, ਅਖਾਣ ਮੁਹਾਵਰੇ, ਲੋਕ ਧਾਰਨਾਵਾਂ ਇਸੇ ਗਿਆਨ ਦਾ ਸਰੋਤ ਹੁੰਦੇ ਹਨ। ਇਸ ਤੋਂ ਅੱਗੇ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਅਦਾਨ-ਪ੍ਰਦਾਨ ਵਿਧੀ ਰਾਹੀਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਵਿਚ ਪੁਸਤਕਾਂ, ਗਿਆਨ ਦਾ ਅਜਿਹਾ ਵੱਡਾ ਸੋਮਾ ਹੁੰਦੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਅਸੀਂ ਪਹਾੜਾਂ 'ਚੋਂ

**ਫੁੱਟਦੇ ਹੋਏ ਸ਼ੀਰ ਨੂੰ ਪੀ ਸਕਦੇ ਹਾਂ,**
**ਹੁੰਮਸ ਵਿਚ ਠੰਢੀਆਂ ਹਵਾਵਾਂ ਦੇ**
**ਬੁੱਲਿਆਂ ਤੋਂ ਮਿਲੀ ਠੰਢਕ ਨੂੰ ਮਾਣ**
**ਸਕਦੇ ਹਾਂ, ਹਨ੍ਹੇਰੀਆਂ ਗੁਫ਼ਾਵਾਂ ਵਿਚ**
**ਚਾਨਣ ਦੀਆਂ ਲੀਕਾਂ ਦਾ ਅਹਿਸਾਸ**
**ਕਰ ਸਕਦੇ ਹਾਂ। ਪੁਸਤਕਾਂ ਤੋਂ ਪ੍ਰਾਪਤ**
**ਕੀਤਾ ਇਹ ਗਿਆਨ ਸਾਡਾ ਸਦੀਵੀ**
**ਗਹਿਣਾ ਬਣ ਕੇ ਰਹਿੰਦਾ ਹੈ। ਆਪਸੀ**
**ਵਿਚਾਰ-ਵਟਾਂਦਰਾ, ਪ੍ਰਾਪਤ ਕੀਤੇ**

ਗਿਆਨ ਨੂੰ ਮਾਂਜਣ ਸੰਵਾਰਨ ਦਾ ਕਾਰਜ ਕਰਦਾ ਹੈ। ਬੜੇ ਲੋਕ, ਜਿਹੜੇ ਕਿਸੇ ਇਕੱਤਰਤਾ ਵਿਚ ਜਾਣ ਤੋਂ ਕਤਰਾਇਆ ਕਰਦੇ ਹਨ; ਉਨ੍ਹਾਂ ਨੂੰ ਆਪਣੇ ਗਿਆਨ ਦੀ ਪ੍ਰਾਪਤੀ, ਇਸ ਦੀ ਮੰਜ਼ਿਲ ਦਾ ਅੱਧਾ-ਅਧੂਰਾ ਵੀ ਪਤਾ ਨਹੀਂ ਹੁੰਦਾ ਹੈ।

ਜਗਿਆਸੂ ਹੁੰਦੇ ਨੇ ਘੁਮੱਕੜੀ ਇੱਥੇ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚੋਂ ਵੱਡੀਆਂ ਮਿਸਾਲਾਂ ਹਾਸਲ ਹੁੰਦੀਆਂ ਹਨ। ਜਨਮ ਸਾਖੀਆਂ ਵਿਚ ਉਨ੍ਹਾਂ ਦੀਆਂ ਚਾਰ ਉਦਾਸੀਆਂ ਦਾ ਜ਼ਿਕਰ ਆਉਂਦਾ ਹੈ।

ਮਨੋਵਿਗਿਆਨੀਆਂ ਅਨੁਸਾਰ ਮਨੁੱਖ ਵਿਚ ਜਦੋਂ ਗਿਆਨ ਪ੍ਰਾਪਤੀ ਦੀ ਤ੍ਰਿਪਤੀ ਨਾ ਹੋਵੇ ਤਾਂ ਅੰਦਰੋਂ ਅੰਦਰੀ ਉਸ ਨੂੰ ਕਿਧਰੇ ਉਦਾਸੀ ਘੇਰ ਲੈਂਦੀ ਹੈ। ਗੁਰੂ ਨਾਨਕ ਦੇਵ ਜੀ ਬਚਪਨ ਤੋਂ ਹੀ ਜਗਿਆਸੂ ਪ੍ਰਵਿਰਤੀਆਂ ਵਾਲੇ ਸਨ। ਇਸੇ ਕਰਕੇ ਤਾਂ ਉਹ ਬਚਪਨ ਤੋਂ ਹੀ ਕੁੱਝ ਅਜਿਹੇ ਕੰਮ ਕਰਦੇ ਸਨ ਜਿਹੜੇ ਇਕ ਖੋਜੀ ਵਿਅਕਤੀ ਨੇ ਕਰਨੇ ਹੁੰਦੇ ਹਨ। ਆਪਣੇ ਗਿਆਨ ਨੂੰ ਵੰਡਣ ਅਤੇ ਇਸ ਨੂੰ ਹੋਰ ਵਸੀਹ ਕਰਨ ਹਿੱਤ ਜਦੋਂ ਉਹ ਚਾਰੇ ਦਿਸ਼ਾਵਾਂ ਵਿਚ ਲੰਮੀਆਂ ਛਾਤੀਆਂ 'ਤੇ ਜਾਂਦੇ ਹਨ ਅਤੇ ਉੱਥੇ ਜਾ ਕੇ ਲੋਕਾਂ ਨਾਲ ਗੋਸ਼ਟੀਆਂ ਕਰਦੇ ਸਨ।

ਉਹ ਇਕਸਧਾਰਨ ਵਿਅਕਤੀ ਕੋਲ ਵੀ ਜਾਂਦੇ ਸਨ ਅਤੇ ਰਾਜ ਭਾਗ ਵਾਲਿਆਂ, ਧਾਰਮਿਕ ਪੁਰਸ਼ਾਂ ਨਾਲ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਿਆ ਕਰਦੇ ਸਨ। ਗਿਆਨ ਪ੍ਰਾਪਤੀ ਦਾ ਇਹ ਬਹੁਤ ਵੱਡਾ ਜ਼ਰੀਆ ਹੁੰਦਾ ਹੈ। ਬੰਦੇ ਦੇ ਆਪਣੇ ਅੰਦਰ ਵੀ ਜੋ ਕੁੱਝ ਹੁੰਦਾ ਹੈ; ਜਦੋਂ ਉਹ ਦੂਸਰਿਆਂ ਸਾਹਮਣੇ ਰੱਖਦਾ ਹੈ, ਵਿਚਾਰਾਂ ਕਰਦਾ ਹੈ ਤਾਂ ਬੜਾ ਕੁੱਝ ਨਿੰਰ ਕੇ ਸਾਹਮਣੇ ਆਉਂਦਾ ਹੈ। ਗਹੁ ਨਾਲ ਵਿਚਾਰੀਏ ਤਾਂ ਗਿਆਨ ਪ੍ਰਾਪਤੀ ਦਾ ਇਹ ਵਸੀਲਾ ਵੀ ਤਜਰਬੇ ਦੁਆਰਾ ਪ੍ਰਾਪਤ ਕੀਤੇ ਗਿਆਨ ਵਰਗਾ ਹੀ ਹੁੰਦਾ ਹੈ।

**ਸੋਚ ਸਮਝ ਕੇ ਬੋਲਦਾ ਗਿਆਨਵਾਨ:**

ਗਿਆਨ ਦੇ ਸਮੁੰਦਰ ਵਿਚ ਉਹੀ ਵਿਅਕਤੀ ਟੁੱਭੀ ਲਾ ਸਕਦੇ ਹਨ ਜਿਨ੍ਹਾਂ ਕੋਲ, ਗਿਆਨ ਦਾ ਸਾਗਰ ਹੁੰਦਾ ਹੈ। ਸੀਮਤ ਗਿਆਨ ਵਾਲੇ ਦੂਸਰੇ ਵਿਅਕਤੀ ਨਾਲ ਮਿਲ ਕੇ ਤੁਰਨ ਤੋਂ ਆਮ ਤੌਰ 'ਤੇ ਅਸਮਰੱਥ ਹੁੰਦੇ ਹਨ। ਗਿਆਨੀ ਪੁਰਸ਼ ਬੁਰਾਈ ਵਿੱਚੋਂ ਵੀ ਕੁੱਝ ਚੰਗਿਆਈ ਦੀ ਤਲਾਸ਼ ਕਰਨ ਦੇ ਅਭਿਲਾਸ਼ੀ ਹੁੰਦੇ ਹਨ। ਉਨ੍ਹਾਂ ਨੂੰ ਇਕ ਇਕ ਸ਼ਬਦ ਅਤੇ ਸ਼ਬਦਾਂ ਦੇ ਅਰਥਾਂ ਦਾ ਪਤਾ ਹੁੰਦਾ ਹੈ। ਡਾਕਟਰ ਪੀ.ਐਸ. ਢੀਂਗਰਾ ਨਾਮ ਦਾ ਇਕ ਖ਼ੋਜੀ ਵਿਅਕਤੀ ਹਫ਼ਤੇ ਵਿਚ ਇਕ ਵਾਰੀ ਇਕ ਇਕ ਸ਼ਬਦ ਦੀ ਮਹਿਮਾ ਗਾਉਂਦਾ ਪੜ੍ਹਿਆ ਜਾ ਸਕਦਾ ਹੈ। ਕੋਈ ਵੀ ਅੱਖਰ ਅਤੇ ਅੱਗੇ ਸ਼ਬਦ ਹੋਂਦ ਵਿਚ ਆਉਣ ਤੋਂ ਪਹਿਲਾਂ ਜਨ ਸਧਾਰਨ ਦੀ ਕੁਠਾਲੀ ਵਿਚੋਂ ਦੀ ਪਾਸ ਹੋ ਕੇ ਆਉਂਦਾ ਹੈ ਜਿਸ ਨੂੰ ਜਾਣਨ ਲਈ ਸਾਨੂੰ ਲੋਕਾਂ ਦੇ ਹਾਣ ਦੇ ਹੋਣਾ ਪੈਂਦਾ ਹੈ। ਅਜਿਹੇ ਲੋਕ ਤੁਹਾਨੂੰ ਆਮ ਮਿਲ ਜਾਂਦੇ ਹਨ ਜਿਨ੍ਹਾਂ ਨੂੰ ਜੇਕਰ ਤੁਸੀਂ ਉਸ ਦੁਆਰਾ ਬੋਲੇ ਸ਼ਬਦ ਕਾਰਨ, ਤੁਹਾਡੇ ਜਾਂ ਕਿਸੇ ਹੋਰ ਵਿਅਕਤੀ ਦੇ ਮਨ ਨੂੰ ਪਹੁੰਚੀ ਠੇਸ ਦੀ ਗੱਲ ਕਰੇ ਤਾਂ ਉਹ ਸਫ਼ਾਈਆਂ ਦਿੰਦੇ ਮਿਲਦੇ ਹਨ ਕਿ ਉਨ੍ਹਾਂ ਨੇ ਤਾਂ ਅਜਿਹਾ ਸੋਚਿਆ ਹੀ ਨਹੀਂ ਸੀ, ਉਹ ਤਾਂ ਇਸ ਗੱਲ ਤੋਂ ਅਣਜਾਣ ਸਨ। ਅਜਿਹੇ ਬੰਦੇ 'ਗਿਆਨ ਵਿਹੂਣਾ ਗੀਤ ਹੀ ਗਾਉਂਦੇ ਹਨ। ਜਿਹੜੇ ਲੋਕ ਸੋਚ ਕੇ ਬੋਲਦੇ ਹਨ ਉਨ੍ਹਾਂ ਦੇ ਬੋਲਾਂ 'ਤੇ ਛੇਤੀ ਕੀਤੇ ਕਿਸੇ ਨੇ ਕੋਈ ਇਤਰਾਜ਼ ਨਹੀਂ ਹੋ ਸਕਦਾ। ਇਸੇ ਕਰਕੇ ਤਾਂ ਪਹਿਲਾਂ ਤੋਲੋ ਫਿਰ ਬੋਲੋ ਦਾ ਮੁਹਾਵਰਾ ਹੋਂਦ ਵਿਚ ਆਇਆ ਹੋਵੇਗਾ।

**ਗੁਰਦੀਪ ਸਿੰਘ**



BADH ACCOUNTING SERVICES
ਜਸਬੀਰ ਸਿੰਘ ਬਾਧ
Jasbir Singh Badh
Professional Accountants
604-325-8370
F: 604-325-6654
Specializing in:
- Tax Forms Fillup
- Accounting d Payroll
- Business Income Tax
- Personal Income Tax d T4 & Workers
- Compensation Forms d Bookkeeping
ਸਾਡਾ ਅਕਾਊਂਟਿੰਗ ਵਿਚ 30 ਸਾਲ ਦਾ ਤਜ਼ਰਬਾ ਹੈ।
➤ ਟੈਕਸ ਦੇ ਪੇਪਰ ਭਰਨ
➤ ਅਕਾਊਂਟਿੰਗ ➤ ਪੇਰੋਲ
➤ ਬਿਜ਼ਨਸ ਇਨਕਮ ਟੈਕਸ
➤ ਟੀ-ਫੋਰਜ਼ ਵਰਕਰ
➤ ਕੰਪਨਸੇਸ਼ਨ ਫ਼ਾਰਮ
➤ ਬੁੱਕ ਕੀਪਿੰਗ
30 Years Experience in Accounting
20800 Westminster Hwy #1393, Richmond, BC

HIMALAYA SWEETS & RESTAURANT
East Indian Sweets & Exotic Foods





Kewal Pabla
President
'Just The Taste Will Bring You Back'





Vancouver
6587, Main St.
Pabla Trade Center
Ph: 604.324.6514

Richmond
4011 No. 5 Rd.
Ph:604.247.2252
Cell:604.720.5900

# ਬੱਚਿਆਂ ਨੂੰ ਨਾਨਕਿਆਂ ਵੱਲੋਂ ਮਿਲਦੀ ਜਿਨਸੀ ਵਿਰਾਸਤ

ਹਰ ਬੱਚੀ ਦੇ ਪੈਦਾ ਹੋਣ ਤੋਂ ਪੰਜ ਮਹੀਨੇ ਪਹਿਲਾਂ ਹੀ ਇਹ ਨਿਸ਼ਚਿਤ ਹੋ ਜਾਂਦਾ ਹੈ ਕਿ ਉਸ ਦੇ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਨਾਨਕਿਆਂ ਵੱਲੋਂ ਕਿਸ ਤਰ੍ਹਾਂ ਦੀ ਜਿਨਸੀ (ਅਣੂਵੰਸ਼ਕ) ਵਿਰਾਸਤ ਮਿਲੇਗੀ। ਆਓ ਇਸ ਬੁਝਾਰਤ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

ਬੱਚੇ ਦੇ ਜੰਮਣ ਸਾਰ ਜੋ ਸੁਆਲ ਸਭ ਤੋਂ ਪਹਿਲਾਂ ਪੁੱਛਿਆ ਜਾਂਦਾ ਹੈ - ਉਹ ਹੈ : ਮੁੰਡਾ ਹੋਇਆ ਕਿ ਕੁੜੀ? ਤੇ ਦੂਸਰਾ ਸੁਆਲ ਹੁੰਦਾ ਹੈ - ਕਿਸ ਉੱਤੇ ਗਿਆ ਹੈ? ਮਾਂ ਵਰਗਾ ਕਿ ਪਿਉ ਵਰਗਾ? ਇਹ ਸੁਆਲ ਬਹੁਤ ਸਰਲ ਤੇ ਸਿੱਧੇ ਲੱਗਦੇ ਹਨ - ਪਰ ਇਨ੍ਹਾਂ ਸੁਆਲਾਂ ਦੇ ਨਾਲ ਮਨੁੱਖੀ ਜਾਤੀ ਦਾ ਸਬੰਧ ਉਸ ਵੇਲੇ ਤੋਂ ਜੁੜਿਆ ਆ ਰਿਹਾ ਹੈ, ਜਿਸ ਵੇਲੇ ਤੋਂ ਆਦਮ ਤੇ ਹਵਾ ਨੇ ਸਵਰਗ ਨਿਕਾਲੇ ਤੋਂ ਬਾਅਦ ਇਸ ਧਰਤੀ ਨੂੰ ਅਪਣਾਇਆ ਤੇ ਬੱਚਿਆਂ ਦੀ ਉਤਪਤੀ ਸ਼ੁਰੂ ਕੀਤੀ - ਅਤੇ ਆਪਣੇ ਬੱਚਿਆਂ ਵਿਚ ਆਪਣੀ ਝਲਕ ਦੇ ਨਾਲ-ਨਾਲ ਕੁਝ ਵੱਖਰਾਪਣ ਵੀ ਵੇਖਿਆ। ਪੈਦਾ ਹੋਣ ਵਾਲਾ ਬੱਚਾ ਕਦੇ ਲੜਕਾ ਤੇ ਕਦੇ ਲੜਕੀ - ਇੰਝ ਕਿਉਂ? ਬੱਚੇ ਦਾ ਲਿੰਗ ਕਿਸੇ ਵੇਲੇ, ਕਿਸ ਤਰ੍ਹਾਂ ਤੇ ਕਦੋਂ ਮਿਥਿਆ ਜਾਂਦਾ ਹੈ? ਬੱਚੇ ਦਾ ਬਹੁਤਾ ਮੁਹਾਂਦਰਾ ਤੇ ਲੱਛਣ ਮਾਂ ਜਾਂ ਪਿਉ ਵਰਗੇ ਹੁੰਦੇ ਹਨ ਪਰ ਨਾ ਤਾਂ ਬੱਚੇ ਬਿਲਕੁਲ ਮਾਂ ਵਰਗੇ ਹੁੰਦੇ ਹਨ ਤੇ ਨਾ ਹੀ ਪੂਰੇ ਦੇ ਪੂਰੇ ਪਿਉ ਵਰਗੇ। ਕਿਸੇ ਵਿਚ ਮਾਂ ਦੀ ਝਲਕ ਜ਼ਿਆਦਾ ਨਜ਼ਰ ਆਉਂਦੀ ਹੈ ਤੇ ਕਿਸੇ ਵਿੱਚੋਂ ਪਿਉ ਦੀ। ਇੰਜ ਕਿਉਂ? ਕੁਝ ਬੱਚਿਆਂ ਵਿਚ ਕਈ ਅਜਿਹੇ ਗੁਣ-ਲੱਛਣ ਹੁੰਦੇ ਹਨ ਜੋ ਮਾਂ ਜਾਂ ਪਿਉ ਵਿਚ ਪੂਰੇ ਨਹੀਂ ਦਿਸਦੇ, ਪਰ ਨਾਨਕੇ ਜਾਂ ਦਾਦਕਿਆਂ ਵੱਲੋਂ ਆਏ ਲਗਦੇ ਹਨ। ਅੱਖਾਂ ਦਾ ਰੰਗ, ਨੱਕ ਦੀ ਸ਼ਕਲ, ਵਾਲਾਂ ਦਾ ਸੰਘਣਾਪਣ, ਕੰਨਾਂ ਦੀ ਬਣਤਰ, ਉਂਗਲਾਂ ਦੀ ਲੰਬਾਈ, ਕੱਦ, ਗੋਰਾਪਣ, ਦੰਦਾਂ ਦੀ ਚਮਕ, ਸਰੀਰਕ ਬਣਤਰ ਆਦਿ ਸਭ ਕੁਝ ਸਾਨੂੰ ਜਿਨਸੀ ਵਿਰਾਸਤ ਵਿਚ ਮਿਲਦਾ ਹੈ। ਇਨ੍ਹਾਂ ਲੱਛਣਾਂ ਦੇ ਨਾਲ-ਨਾਲ ਕਈ ਤਰ੍ਹਾਂ ਦੇ ਰੋਗ ਤੇ ਵਿਗਾੜ ਵੀ ਬੱਚਿਆਂ ਵਿਚ ਪਿਛਲੀ ਪੁਸ਼ਤ ਤੋਂ ਹੀ ਆਏ ਲਗਦੇ ਹਨ। ਇਹ ਗੁਣ-ਲੱਛਣ ਤੇ ਬਿਮਾਰੀਆਂ ਵਿਰਾਸਤ ਵਿਚ ਕਿਵੇਂ ਆ ਜਾਂਦੀਆਂ ਹਨ? ਇਸ ਤਰ੍ਹਾਂ ਦੇ ਹੋਰ ਵੀ ਕਈ ਸੁਆਲਾਂ ਦੇ ਜੁਆਬ ਸਾਨੂੰ ਸਿਰਫ਼ ਵੀਹਵੀਂ ਸਦੀ ਤੋਂ ਹੀ ਮਿਲਣੇ ਸ਼ੁਰੂ ਹੋਏ ਹਨ

ਪੈਦਾ ਹੋਣ ਵਾਲੇ ਬੱਚੇ ਦਾ ਲਿੰਗ, ਉਸ ਦਾ ਰੰਗ-ਰੰਗ ਰੂਪ, ਕੱਦ-ਕਾਠ, ਸਿਆਣਪ, ਬਿਮਾਰ-ਪਣ ਤੇ ਸਰੀਰ ਦੇ ਹਜ਼ਾਰਾਂ ਗੁਣ-ਲੱਛਣ ਤਕਰੀਬਨ ਸਾਰੇ ਦੇ ਸਾਰੇ ਉਸੇ ਵੇਲੇ ਹੀ ਨਿਸ਼ਚਿਤ ਹੋ ਜਾਂਦੇ ਹਨ, ਜਿਸ ਵੇਲੇ ਗਰਭ ਠਹਿਰਦਾ ਹੈ। ਇਹ ਕਿਸ ਤਰ੍ਹਾਂ ਸੰਭਵ ਹੈ ਕਿ ਮਨੁੱਖੀ ਸਰੀਰ ਦੇ ਹਜ਼ਾਰਾਂ ਲੱਛਣ ਤੇ 8000 ਤੋਂ ਵੱਧ ਤਰ੍ਹਾਂ ਦੀਆਂ ਵਿਰਾਸਤ ਵਿਚ ਮਿਲਣ ਵਾਲੀਆਂ ਬਿਮਾਰੀਆਂ ਤੇ ਵਿਗਾੜ ਸਭ ਕੁਝ ਜੰਮਣ ਤੋਂ ਨੌਂ ਮਹੀਨੇ ਪਹਿਲਾਂ ਹੀ ਮਿੱਥੀਆਂ ਜਾਣ? ਅਤੇ ਫੇਰ ਇਹ ਬੱਚਾ ਜੁਆਨ ਹੋਣ ਤੋਂ ਬਾਅਦ, ਇਹੋ ਵਿਰਸੇ ਵਿਚ ਮਿਲੀਆਂ ਖੂਬੀਆਂ ਨੂੰ ਆਪਣੀ ਔਲਾਦ ਨੂੰ ਵਿਰਸੇ ਵਿਚ ਅਗਾਂਹ ਦੇਵੇ?

ਇਹ ਸਾਰੀ ਚਮਤਕਾਰੀ ਕੁਦਰਤ ਨੇ ਸਰੀਰ ਵਿਚ ਇਕ ਬਹੁਤ ਹੀ ਮਹੀਨ - ਧਾਗੇ ਵਰਗੀ ਚੀਜ਼ ਰਾਹੀਂ ਰਚੀ ਹੋਈ ਹੈ - ਜੋ ਇਸ ਸਾਰੀ ਜਾਣਕਾਰੀ ਨੂੰ ਸੰਭਾਲਦੀ ਹੈ ਅਤੇ ਇਸ ਦਾ ਨਿਯੰਤਰਨ ਕਰਦੀ ਹੈ। ਇਸ ਧਾਗੇ-ਨੁਮਾ ਚੀਜ਼ ਨੂੰ ਕ੍ਰੋਮੋਸੋਮ ਆਖਦੇ ਹਨ।

**ਸੈੱਲ ਤੇ ਕ੍ਰੋਮੋਸੋਮ ਦਾ ਰਿਸ਼ਤਾ:**

ਕ੍ਰੋਮੋਸੋਮ, ਸੈੱਲਾਂ ਦੇ ਧੁਰੇ ਅੰਦਰ ਹੁੰਦੇ ਹਨ। ਸੈੱਲ ਇਕ ਬਹੁਤ ਛੋਟੀ ਇਕਾਈ ਹੈ, ਜਿਨ੍ਹਾਂ ਨਾਲ ਮਨੁੱਖੀ ਸਰੀਰ ਬਣਦਾ ਹੈ। ਜਿਵੇਂ ਕੋਈ ਮਕਾਨ ਇੱਟਾਂ ਨੂੰ ਜੋੜ-ਜੋੜ ਕੇ ਬਣਿਆ ਹੁੰਦਾ ਹੈ ਉਸੇ ਤਰ੍ਹਾਂ ਸਰੀਰ ਵੀ ਸੈੱਲਾਂ ਨਾਲ ਹੀ ਬਣਿਆ ਹੁੰਦਾ ਹੈ। ਕੀ ਅਸੀਂ ਇਨ੍ਹਾਂ ਸੈੱਲਾਂ ਤੇ ਇਨ੍ਹਾਂ ਦੇ ਅੰਦਰਲੇ ਕ੍ਰੋਮੋਸੋਮਾਂ ਨੂੰ ਵੇਖ ਸਕਦੇ ਹਾਂ? ਇਹ ਸਿਰਫ਼ ਖੁਰਦਬੀਨ ਹੇਠਾਂ ਹੀ ਵੇਖੇ ਜਾ ਸਕਦੇ ਹਨ।

**46 ਦੀ ਖੇਡ:** ਹਰ ਮਨੁੱਖ ਦੇ ਹਰ ਸੈੱਲ ਦੇ ਧੁਰੇ ਅੰਦਰ 23 ਜੋੜੇ (ਕੁਲ 46) ਕ੍ਰੋਮੋਸੋਮ ਹੁੰਦੇ ਹਨ। ਇਨ੍ਹਾਂ 23 ਜੋੜਿਆਂ ਵਿਚਲੇ ਹਰ ਇਕ ਜੋੜੇ ਦੇ ਕ੍ਰੋਮੋਸੋਮ ਆਪਸ ਵਿਚ ਸਮਰੂਪ ਹੁੰਦੇ ਹਨ ਪਰ ਦੂਸਰੇ ਜੋੜਿਆਂ ਦੇ ਕ੍ਰੋਮੋਸੋਮਾਂ ਨਾਲੋਂ ਭਿੰਨ ਹੁੰਦੇ ਹਨ। ਇਨ੍ਹਾਂ ਵਿੱਚੋਂ 22 ਜੋੜਿਆਂ ਨੂੰ ਵੱਖ-ਵੱਖ ਨੰਬਰਾਂ ਨਾਲ ਦਰਸਾਇਆ ਜਾਂਦਾ ਹੈ - ਜਿਵੇਂ ਕਿ 1,2,3,...ਤੇ 22 ਨੰਬਰ। ਤੇਈਵੇਂ ਜੋੜੇ ਦੇ ਦੋ ਕ੍ਰੋਮੋਸੋਮ ਲਿੰਗ ਨਿਰਧਾਰਨ ਕਰਨ ਵਾਲੇ ਹੁੰਦੇ ਹਨ ਤੇ ਇਨ੍ਹਾਂ ਦੋਹਾਂ ਦੀ ਆਪਸੀ ਸ਼ਕਲ ਤੇ ਆਕਾਰ ਵੀ ਭਿੰਨ ਹੁੰਦੀ ਹੈ। ਇਨ੍ਹਾਂ ਨੂੰ "ਐਕਸ" (X) ਤੇ "ਵਾਈ" ਕ੍ਰੋਮੋਸੋਮ ਕਿਹਾ ਜਾਂਦਾ ਹੈ। ਇਨ੍ਹਾਂ ਲਿੰਗ-ਨਿਰਧਾਰਨ ਕਰਨ ਵਾਲੇ ਕ੍ਰੋਮੋਸੋਮਾਂ ਵਿੱਚੋਂ, ਔਰਤ ਦੇ ਸੈੱਲਾਂ ਵਿਚ ਦੋ ਐਕਸ (XX) ਕ੍ਰੋਮੋਸੋਮ ਹੁੰਦੇ ਹਨ ਤੇ ਮਰਦ ਦੇ ਸੈੱਲਾਂ ਵਿਚ ਇਕ ਐਕਸ ਤੇ ਇਕ ਵਾਈ (ਯੈ) ਕ੍ਰੋਮੋਸੋਮ ਹੁੰਦੇ ਹਨ। ਜਦੋਂ ਔਰਤ ਵਿਚ ਆਂਡੇ ਤੇ ਮਰਦ ਵਿਚ ਸ਼ੁਕਰਾਣੂ ਬਣਦੇ ਹਨ ਤਾਂ ਇਨ੍ਹਾਂ ਵਿਚ ਕ੍ਰੋਮੋਸੋਮਾਂ ਦਾ ਨੰਬਰ ਅੱਧਾ ਹੋ ਜਾਂਦਾ ਹੈ, ਜਿਸ ਕਾਰਨ ਆਂਡਿਆਂ ਤੇ ਸ਼ੁਕਰਾਣੂਆਂ ਅੰਦਰ 23-23 ਜੋੜੇ ਕ੍ਰੋਮੋਸੋਮਾਂ (46-46 ਕ੍ਰੋਮੋਸੋਮਾਂ) ਦੀ ਥਾਂ 23-23 ਇਕੱਲੇ-ਇਕੱਲੇ ਕ੍ਰੋਮੋਸੋਮ ਹੀ ਹੁੰਦੇ ਹਨ। ਜਦੋਂ ਆਂਡੇ ਤੇ ਸ਼ੁਕਰਾਣੂ ਦਾ ਮਿਲਾਪ ਹੁੰਦਾ ਹੈ ਤਾਂ 46 ਵਾਲਾ ਨੰਬਰ ਮੁੜ ਪੂਰਨ ਹੋ ਜਾਂਦਾ ਹੈ। ਇਸ ਤਰ੍ਹਾਂ ਗਰਭ ਸ਼ੁਰੂ ਹੋਣ ਵੇਲੇ ਬੱਚੇ ਦੀ ਸ਼ੁਰੂਆਤ 46 ਕ੍ਰੋਮੋਸੋਮਾਂ ਵਾਲੇ ਸੈੱਲ ਨਾਲ ਹੀ ਹੁੰਦੀ ਹੈ, ਜਿਨ੍ਹਾਂ ਵਿੱਚੋਂ 23 ਮਾਤਾ ਵੱਲੋਂ ਤੇ 23 ਪਿਤਾ ਵੱਲੋਂ ਮਿਲੇ ਹੁੰਦੇ ਹਨ। ਕ੍ਰੋਮੋਸੋਮਾਂ ਦਾ ਦੋਨੋਂ ਮਾਪਿਆਂ ਵੱਲੋਂ 23-23 ਦਾ ਹੀ ਆਉਣਾ ਤੇ ਬਿਨਾਂ ਕਿਸੇ ਟੁੱਟ-ਭੱਜ ਤੋਂ ਆਉਣਾ ਬੱਚੇ ਦੇ ਠੀਕ ਵਿਕਾਸ ਲਈ ਬਹੁਤ ਹੀ ਮਹੱਤਵਪੂਰਨ ਹੈ। 23-23 ਕ੍ਰੋਮੋਸੋਮਾਂ ਵਾਲੇ ਆਂਡਿਆਂ ਤੇ ਸ਼ੁਕਰਾਣੂਆਂ ਦੀ ਉਪਜ ਅਲੱਗ-ਅਲੱਗ ਵਿਯੋਂਤ ਰਾਹੀਂ ਹੁੰਦੀ ਹੈ। ਮਰਦਾਂ ਵਿਚ ਸ਼ੁਕਰਾਣੂ ਅੰਡ-ਕੋਸ਼ਾਂ ਦੇ ਸੈੱਲਾਂ ਤੋਂ ਜਵਾਨੀ ਵੇਲੇ ਬਣਨੇ ਸ਼ੁਰੂ ਹੁੰਦੇ ਹਨ ਤੇ ਸਾਰੀ ਉਮਰ ਬਣਦੇ ਹੀ ਰਹਿੰਦੇ ਹਨ। ਪਰ ਇਸ ਦੇ ਉਲਟ, ਔਰਤਾਂ ਦੇ ਆਂਡਿਆਂ ਦੀ ਉਪਜ ਬਾਰੇ ਕੁਦਰਤ ਨੇ ਵੱਖਰੇ ਹੀ ਨਿਯਮ ਤੈਅ ਕੀਤੇ ਹਨ।

ਮਾਦਾ (ਔਰਤ) ਜਿਸ ਵੇਲੇ ਆਪ ਹੀ ਆਪਣੀ ਮਾਂ ਦੇ ਪੇਟ ਅੰਦਰ ਅਜੇ 9 ਹਫ਼ਤਿਆਂ ਦੀ ਭਰੂਣ-ਅਵਸਥਾ ਵਿਚ ਹੀ ਵਿਕਸਤ ਹੋ ਰਹੀ ਹੁੰਦੀ ਹੈ ਤਾਂ ਉਸ ਦੇ ਆਪਣੇ ਵਿਕਸਿਤ ਹੋ ਰਹੇ ਅੰਡਕੋਸ਼ਾਂ ਅੰਦਰ ਉਸ ਦੇ ਆਪਣੇ ਆਂਡਿਆਂ ਦੇ ਬਣਨ ਦੀ ਪ੍ਰਕਿਰਿਆ ਵੀ ਪ੍ਰਾਰੰਭ ਹੋ ਜਾਂਦੀ ਹੈ। ਇਸ ਵਕਤ ਇਸ ਭਰੂਣ ਦਾ ਆਪਣਾ ਆਕਾਰ ਸਿਰਫ਼ 17 ਤੋਂ 22 ਮਿਲੀਮੀਟਰ ਹੀ ਹੁੰਦਾ ਹੈ।


ਜਿਸ ਵੇਲੇ ਇਸ ਵਿਕਾਸ ਹੋ ਰਹੀ ਭਰੂਣ ਦੀ ਆਪਣੀ ਜੀਵਨ-ਕਾਲ ਸਿਰਫ਼ 16 ਤੋਂ 20 ਹਫ਼ਤੇ ਦੀ ਹੀ ਹੁੰਦੀ ਹੈ ਤੇ ਜਿਸ ਵੇਲੇ ਉਸ ਦਾ ਆਪਣਾ ਆਕਾਰ ਸਿਰਫ਼ 120 ਤੋਂ 140 ਮਿਲੀਮੀਟਰ ਤੇ ਭਾਰ 110 ਤੋਂ 200 ਗਰਾਮ ਹੀ ਹੁੰਦਾ ਹੈ ਤਾਂ ਉਸ ਦੇ ਅੰਡਕੋਸ਼ਾਂ ਅੰਦਰ ਆਂਡੇ ਬਣਨ ਵਾਲੇ ਸੈੱਲਾਂ ਦੀ ਗਿਣਤੀ ਸਭ ਤੋਂ ਜ਼ਿਆਦਾ, ਤਕਰੀਬਨ 70 ਲੱਖ ਹੁੰਦੀ ਹੈ। ਇਸ ਤੋਂ ਬਾਅਦ ਇਨ੍ਹਾਂ ਸੈੱਲਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਜਾਂਦੀ ਹੈ ਤੇ ਬੱਚੀ ਦੀ ਪੈਦਾਇਸ਼ ਵੇਲੇ ਇਹ ਸਿਰਫ਼ 20 ਲੱਖ ਦੇ ਕਰੀਬ ਰਹਿ ਜਾਂਦੀ ਹੈ। ਇਹ ਆਂਡੇ ਬਣਨ ਵਾਲੇ ਸੈੱਲ, ਸੈੱਲਾਂ ਦੇ ਵਿਭਾਜਨ ਦੀ ਇਕ ਖ਼ਾਸ ਸਥਿਤੀ ਜਿਸ ਨੂੰ 'ਡਿਪਲੋਟੀਨ' ਕਹਿੰਦੇ ਹਨ, ਉੱਪਰ ਹੀ ਰੁੱਕ ਜਾਂਦੇ ਹਨ ਤੇ ਇਨ੍ਹਾਂ ਦੇ ਅੰਦਰਲੇ ਕ੍ਰੋਮੋਸੋਮ ਇਸ 'ਡਿਪਲੋਟੀਨ' ਸਥਿਤੀ ਵਿਚ ਜ਼ਿੰਦਾ ਪਰ ਇਕ ਅਹਿਲ-ਅਵਸਥਾ ਵਿਚ ਹੀ ਪਏ ਰਹਿੰਦੇ ਹਨ। ਇਸ ਅਹਿਲ ਸਥਿਤੀ ਵਿਚ ਇਨ੍ਹਾਂ ਸੈੱਲਾਂ ਦੀ ਗਿਣਤੀ ਲਗਾਤਾਰ ਘਟਦੀ ਹੀ ਜਾਂਦੀ ਹੈ-ਜੋ ਜਨਮ ਤੋਂ ਬਾਅਦ ਵੀ ਲਗਾਤਾਰ ਘੱਟਦੀ ਹੀ ਰਹਿੰਦੀ ਹੈ। ਔਰਤ/ ਮਾਦਾ ਦੇ ਜਵਾਨ ਹੋਣ ਉੱਪਰ ਇਨ੍ਹਾਂ ਅਰਧ - ਸੁੱਤੇ ਸੈੱਲਾਂ ਵਿੱਚੋਂ ਹਰ ਮਹੀਨੇ ਸਿਰਫ਼ ਇਕ ਸੈੱਲ - ਆਂਡੇ ਦੀ ਸ਼ਕਲ ਵਿਚ ਪੂਰਨ ਵਿਕਸਿਤ ਹੋ ਕੇ ਆਂਡੇਦਾਨੀ ਤੋਂ ਬਾਹਰ ਨਿਕਲਦਾ ਹੈ। ਜੇ ਇਸ ਆਂਡੇ ਦਾ ਮਿਲਾਪ ਉਸ ਸਮੇਂ ਸ਼ੁਕਰਾਣੂ ਨਾਲ ਹੋ ਜਾਵੇ ਤਾਂ ਦੋਹਾਂ ਦੇ ਕ੍ਰੋਮੋਸੋਮਾਂ ਦੀ ਮਿਲਣੀ ਅਗਲੀ ਜ਼ਿੰਦਗੀ ਦੀ ਸ਼ੁਰੂਆਤ ਕਰ ਦਿੰਦੀ ਹੈ।

ਸੋ ਇਸ ਤਰ੍ਹਾਂ ਨਾਨੀ ਦੀ ਗਰਭ-ਅਵਸਥਾ ਵਿਚ ਹੀ ਇਹ ਇਕ ਨਿਸ਼ਚਿਤ ਹੋ ਜਾਂਦਾ ਹੈ ਕਿ ਦੋਹਤੀ ਜਾਂ ਦੋਹਤੇ ਦੇ ਨਿਰਮਾਣ ਲਈ ਉਨ੍ਹਾਂ ਨੂੰ ਆਪਣੇ ਨਾਨੇ-ਨਾਨੀ ਵੱਲੋਂ, ਆਪਣੀ ਮਾਂ ਰਾਹੀਂ, ਕੀ ਅਣੂਵੰਸ਼ਕ (ਜਨੈਟਿਕ) ਯੋਗਦਾਨ ਕ੍ਰੋਮੋਸੋਮਾਂ ਦੇ ਜ਼ਰੀਏ ਮਿਲਣਾ ਹੈ। ਇਸੇ ਕਰਕੇ ਨਾਨੀ ਦੀ ਗਰਭ-ਅਵਸਥਾ ਵੇਲੇ ਲਈ ਖੁਰਾਕ ਦਾ ਮਾਂ ਦੇ ਆਂਡਿਆਂ ਦੀ ਸਿਹਤ 'ਤੇ ਅਸਰ ਪੈਂਦਾ ਹੈ ਜੋ ਅਗਾਂਹ ਬੱਚਿਆਂ ਵਿਚ ਵੀ ਪਹੁੰਚ ਜਾਂਦਾ ਹੈ।

ਆਖ਼ਰ ਇਨ੍ਹਾਂ ਕ੍ਰੋਮੋਸੋਮਾਂ ਅੰਦਰ ਕੀ ਅਜਿਹੀ ਜਾਦੂਗਰੀ ਹੈ ਕਿ ਇਹ ਪੁਸ਼ਤ-ਦਰ-ਪੁਸ਼ਤ ਏਨੀ ਜਾਣਕਾਰੀ ਸੰਭਾਲ ਕੇ ਅਗਲੀਆਂ ਪੀੜ੍ਹੀਆਂ ਨੂੰ ਪਹੁੰਚਾਈ ਜਾਂਦੇ ਹਨ? ਕ੍ਰੋਮੋਸੋਮਾਂ ਅੰਦਰ ਇਹ ਸਾਰੀ ਜਨੈਟਿਕ (ਅਣੂਵੰਸ਼ਕ/ ਜਿਨਸੀ) ਜਾਣਕਾਰੀ ਇਕ ਖੁਫ਼ੀਆ, ਗੁੰਝਲਦਾਰ ਕੀਮਿਆਈ ਅਖ਼ਰਾਂ ਵਿਚ, ਬਹੁਤ ਸੂਖ਼ਮ, ਨਿਸ਼ਚਿਤ, ਅਤਿ-ਸ਼ੁਧ ਤੇ ਹਿਸਾਬੀ ਤਰੀਕੇ ਨਾਲ ਜੀਨਾਂ ਦੀ ਸੂਰਤ ਵਿਚ ਇਕ ਰਸਾਇਣਿਕੀ ਪਦਾਰਥ ਅੰਦਰ ਸੰਭਾਲੀ ਹੁੰਦੀ ਹੈ। ਇਸ ਕੁਦਰਤ ਦੇ ਕਮਾਲ ਚਮਤਕਾਰੀ ਰਸਾਇਣਿਕ ਪਦਾਰਥ ਨੂੰ ਧੰਅ ਆਖਦੇ ਹਨ। ਇਸ ਧੰਅ ਤੇ ਕੁਝ ਤਰ੍ਹਾਂ ਦੇ ਖ਼ਾਸ ਪ੍ਰੋਟੀਨਾਂ ਦੀਆਂ ਆਪਸੀ ਮਿਲਾਪੀ-ਗਲਵਕੜੀਆਂ ਹੀ ਕ੍ਰੋਮੋਸੋਮਾਂ ਦੀ ਸ਼ਕਲ ਅਖ਼ਤਿਆਰ ਕਰ ਲੈਂਦੀਆਂ ਹਨ। ਇਕ ਮਨੁੱਖੀ ਸਰੀਰ ਦੇ ਬਣਨ ਲਈ ਕਈ ਲੱਖ ਕਰੋੜ ਸੈੱਲ ਚਾਹੀਦੇ ਹੁੰਦੇ ਹਨ। ਏਨੇ ਕਰੋੜਾਂ ਸੈੱਲ ਕਿੱਥੋਂ ਆ ਜਾਂਦੇ ਹਨ? ਇਨ੍ਹਾਂ ਵਿਚਲੇ ਕ੍ਰੋਮੋਸੋਮਾਂ ਵਿਚ ਕੀ ਹੁੰਦਾ ਹੈ? ਇਹ ਕ੍ਰੋਮੋਸੋਮ ਇਕ ਪੁਸ਼ਤ ਤੋਂ ਦੂਸਰੀ ਪੁਸ਼ਤ ਵਿਚ ਕਿਵੇਂ ਪਹੁੰਚ ਜਾਂਦੇ ਹਨ? ਇਹ ਗੁਣ-ਲੱਛਣ ਕਿਸ ਤਰ੍ਹਾਂ ਮੁੱਕਰਰ ਕਰਦੇ ਹਨ? ਇਸ ਤਰ੍ਹਾਂ ਦੇ ਸੈਂਕੜੇ ਸੁਆਲ ਮਨ ਵਿਚ ਆਉਂਦੇ ਹਨ। ਪਰ ਇਨ੍ਹਾਂ ਦੇ ਜੁਆਬ ਜਾਣਨ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਹਰ ਬੱਚੇ ਦੀ ਗਰਭ ਵਿਚ ਸ਼ੁਰੂਆਤ ਸਿਰਫ਼ ਇਕ ਸੈੱਲ ਤੋਂ ਹੁੰਦੀ ਹੈ। ਇਕ ਸੈੱਲ ਦੇ ਵਿਭਾਜਤ ਹੋਣ ਉੱਤੇ ਉਸ ਤੋਂ ਦੋ ਸੈੱਲ ਬਣਦੇ ਹਨ - ਦੋ ਤੋਂ ਚਾਰ, ਚਾਰ ਤੋਂ ਅੱਠ, ਅੱਠ ਤੋਂ ਸੋਲਾਂ ਤੇ ਇਸ ਤਰ੍ਹਾਂ ਜਨਮ ਵੇਲੇ ਤਾਈਂ ਇਹ ਕਈ ਕਰੋੜ ਬਣ ਜਾਂਦੇ ਹਨ।

ਇਨ੍ਹਾਂ ਹਰੇਕ ਕਰੋੜਾਂ ਸੈੱਲਾਂ ਵਿਚ ਭਾਵੇਂ ਉਹ ਸੈੱਲ ਲੱਤ ਦੇ ਹੋਣ, ਭਾਵੇਂ ਅੱਖ ਦੇ ਤੇ ਭਾਵੇਂ ਦਿਮਾਗ਼ ਦੇ, ਉਨ੍ਹਾਂ ਅੰਦਰਲੇ ਕ੍ਰੋਮੋਸੋਮ ਬਿਲਕੁਲ ਉਸੇ ਤਰ੍ਹਾਂ ਦੇ ਹੀ ਹੁੰਦੇ ਹਨ ਜਿਸ ਤਰ੍ਹਾਂ ਦਿਆਂ ਨਾਲ ਉਸ ਬੱਚੇ ਦਾ ਪਹਿਲਾ ਸੈੱਲ ਬਣਿਆ ਸੀ। ਇਹ ਇੰਨਾ ਸੂਖ਼ਮ ਤੇ ਸਖ਼ਤ ਨਿਯੰਤਰਨ ਕ੍ਰੋਮੋਸੋਮਾਂ ਦੇ ਜ਼ਰੀਏ ਹੀ ਹੁੰਦਾ ਹੈ। ਕਿਉਂਕਿ ਕ੍ਰੋਮੋਸੋਮਾਂ ਦੀ ਪ੍ਰਮੁੱਖ ਜ਼ਿੰਮੇਵਾਰੀ ਹੀ ਇਹ ਹੈ ਕਿ ਇਹ ਆਪਣੇ ਅੰਦਰ ਸਮੇਟੀ ਹੋਈ ਸਾਰੀ ਅਣੂਵੰਸ਼ਕ (ਜਨੈਟਿਕ) ਜਾਣਕਾਰੀ ਨੂੰ ਹਿਫ਼ਾਜ਼ਤ ਨਾਲ ਇਕ ਸੈੱਲ ਤੋਂ ਦੂਸਰੇ ਸੈੱਲ ਨੂੰ ਤੇ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਪਹੁੰਚਣ - ਕਿਉਂਕਿ ਇਨ੍ਹਾਂ ਵਿਚ ਮੌਜੂਦ ਜਨੈਟਿਕ ਜਾਣਕਾਰੀ ਨੇ ਹੀ, ਗਰਭ ਦੇ ਸ਼ੁਰੂ ਹੋਣ ਤੋਂ ਲੈ ਕੇ ਮਨੁੱਖ ਦੇ ਮਰਨ ਤਕ, ਸੈੱਲਾਂ ਤੇ ਸਰੀਰ ਦੇ ਸਾਰੇ ਕਾਰਜਾਂ ਦਾ ਨਿਯੰਤਰਨ ਕਰਨਾ ਹੁੰਦਾ ਹੈ।

**ਡਾ. ਜੈ ਰੂਪ ਸਿੰਘ**



# ਕੈਨੇਡਾ ਦੀ ਸਿਆਸਤ ਬਨਾਮ ਐੱਨਡੀਪੀ ਆਗੂ ਜਗਮੀਤ ਸਿੰਘ ਕਿਥੇ ਖੜੇ

**ਅਲਬਰਟਾ**: ਸਸਕੈਚਵਿਨ ਅਤੇ ਓਂਟਾਰੀਓ ਵਿਚ ਇਹ ਮੁੱਖ ਵਿਰੋਧੀ ਧਿਰ ਵਾਲੀ ਪਾਰਟੀ ਹੈ। ਲਿਬਰਲ ਪਾਰਟੀ ਦੀਆਂ ਜਸਟਿਨ ਟਰੂਡੋ ਦੀ ਅਗਵਾਈ ਵਿਚ ਚੱਲੀ ਪਿਛਲੀ ਅਤੇ ਅਜੋਕੀ ਘੱਟ ਗਿਣਤੀ ਫੈਡਰਲ ਸਰਕਾਰ ਐੱਨਡੀਪੀ ਦੀ ਮੁੱਦਿਆਂ ਆਧਾਰਤ ਬਾਹਰੀ ਹਮਾਇਤ ਕਰ ਕੇ ਚੱਲ ਸਕੀਆਂ ਹਨ।

ਕੈਨੇਡਾ ਦਸ ਰਾਜਾਂ ਅਤੇ ਤਿੰਨ ਇਲਾਕਾਈ ਖੇਤਰਾਂ ’ਤੇ ਆਧਾਰਤ ਹੈ ਤੇ ਰੂਸ ਤੋਂ ਬਾਅਦ ਸਭ ਤੋਂ ਵੱਡੇ ਖੇਤਰਫਲ ਵਾਲਾ ਦੇਸ਼ ਹੈ ਲੇਕਿਨ ਇਸ ਦੀ ਆਬਾਦੀ ਚਾਰ ਕਰੋੜ ਦੇ ਲਗਪਗ ਹੈ। ਭਾਵੇਂ 17 ਮਾਨਤਾ ਪ੍ਰਾਪਤ ਪਾਰਟੀਆਂ ਹਨ ਪਰ ਮੁੱਖ ਤੌਰ ’ਤੇ 4 ਪਾਰਟੀਆਂ ਹਨ ਰਾਸ਼ਟਰੀ ਕੰਜ਼ਰਵੇਟਿਵ, ਲਿਬਰਲ, ਐੱਨਡੀਪੀ ਅਤੇ ਗਰੀਨ ਪਾਰਟੀਆਂ ਅਤੇ ਪੰਜਵੀਂ ਤਾਕਤਵਰ ਇਲਾਕਾਈ ਪਾਰਟੀ ਕਿਊਬੈਕ ਬਲਾਕ ਹੈ।

ਨਿਊ ਡੈਮੋਕ੍ਰੈਟਿਕ ਪਾਰਟੀ ਜੋ ਸੰਨ 1961 ਵਿਚ ਸਥਾਪਤ ਕੀਤੀ ਗਈ ਸੀ, ਉਸ ਦੇ ਅਜੋਕੇ ਸੁਪਰੀਮੋ ਜਗਮੀਤ ਸਿੰਘ ਹਨ। ਬ੍ਰਿਟਿਸ਼ ਕੋਲੰਬੀਆ ਅਤੇ ਮੈਨੀਟੋਬਾ ਰਾਜਾਂ ਵਿਚ ਇਸ ਪਾਰਟੀ ਦੀਆਂ ਸਰਕਾਰਾਂ ਹਨ। ਅਲਬਰਟਾ, ਸਸਕੈਚਵਿਨ ਅਤੇ ਓਂਟਾਰੀਓ ਵਿਚ ਇਹ ਮੁੱਖ ਵਿਰੋਧੀ ਧਿਰ ਵਾਲੀ ਪਾਰਟੀ ਹੈ। ਲਿਬਰਲ ਪਾਰਟੀ ਦੀਆਂ ਜਸਟਿਨ ਟਰੂਡੋ ਦੀ ਅਗਵਾਈ ਵਿਚ ਚੱਲੀ ਪਿਛਲੀ ਅਤੇ ਅਜੋਕੀ ਘੱਟ ਗਿਣਤੀ ਫੈਡਰਲ ਸਰਕਾਰ ਐੱਨਡੀਪੀ ਦੀ ਮੁੱਦਿਆਂ ਆਧਾਰਤ ਬਾਹਰੀ ਹਮਾਇਤ ਕਰ ਕੇ ਚੱਲ ਸਕੀਆਂ ਹਨ।

ਦੁਮਾਲਾ ਸਜਾਉਣ ਵਾਲੇ ਐੱਨਡੀਪੀ ਸੁਪਰੀਮੋ ਜਗਮੀਤ ਸਿੰਘ ਦਾ ਜਨਮ ਪੰਜਾਬ ਨਾਲ ਸਬੰਧਤ ਪਰਵਾਸੀ ਪਰਿਵਾਰ ਵਿਚ ਮਾਤਾ ਹਰਮੀਤ ਕੌਰ ਦੀ ਕੁੱਖੋਂ ਸ: ਜਗਤਾਰਨ ਸਿੰਘ ਧਾਲੀਵਾਲ ਦੇ ਗ੍ਰਹਿ ਵਿਖੇ ਸਕਾਰਬੋਰੋ (ਓਂਟਾਰੀਓ) ਅੰਦਰ 2 ਜਨਵਰੀ 1979 ਨੂੰ ਹੋਇਆ ਸੀ। ਕਰੀਬ ਇਕ ਸਾਲ ਪੰਜਾਬ ਦਾਦਕਿਆਂ ਕੋਲ ਰਹਿਣ ਤੋਂ ਬਾਅਦ ਬਚਪਨ ਸੇਂਟ ਜਾਹਨ ਅਤੇ ਗਰਾਂਡ ਫਾਲਜ਼-ਵਿੰਡਸਰ, ਨਿਊਫਾਊਂਡਲੈਂਡ ਰਾਜ ਵਿਚ ਬੀਤਿਆ। ਫਿਰ



ਮਾਪੇ ਵਿੰਡਸਰ, ਓਂਟਾਰੀਓ ਵਿਖੇ ਵਸ ਗਏ। ਛੇ ਸਾਲ ਡੀਟਰਾਇਟ ਕਾਊਂਟੀ ਡੇਅ ਸਕੂਲ ਬੀਵਰਲੀ ਹਿਲਜ਼, ਮਿਸ਼ੀਗਨ (ਅਮਰੀਕਾ), ਬੀਐੱਸਸੀ ਬਾਇਓ ਸੰਨ 2001 ਵਿਚ ਵੈਸਟਰਨ ਓਂਟਾਰੀਓ ਯੂਨੀਵਰਸਿਟੀ, ਲਾਅ ਸੰਨ 2005 ਵਿਚ ਯਾਰਕ ਯੂਨੀਵਰਸਿਟੀ ਤੋਂ ਕਰ ਕੇ ਸੰਨ 2006 ਵਿਚ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਸੰਨ 2018 ’ਚ ਗੁਰਕਿਰਨ ਕੌਰ ਨਾਲ ਸ਼ਾਦੀ ਕੀਤੀ। ਉਨ੍ਹਾਂ ਦੀਆਂ ਦੋ ਧੀਆਂ ਹਨ।

ਸੰਨ 2011 ਦੀਆਂ ਫੈਡਰਲ ਚੋਣਾਂ ਵਿਚ ਉਸ ਨੇ ਐੱਨਡੀਪੀ ਉਮੀਦਵਾਰ ਵਜੋਂ ਬਰੈਂਪਟਨ ਦੀ ਬਰਾਮਾਲੀਆ-ਗੋਰ-ਮਾਲਟਨ ਸੀਟ ਤੋਂ ਚੋਣ ਲੜੀ ਪਰ ਕੰਜ਼ਰਵੇਟਿਵ ਉਮੀਦਵਾਰ ਬਲ ਗੋਸਲ ਤੋਂ 539 ਵੋਟਾਂ ਨਾਲ ਹਾਰ ਗਿਆ। ਓਂਟਾਰੀਓ ਸੂਬਾਈ ਵਿਧਾਨ ਸਭਾ ਚੋਣਾਂ ਵਿਚ ਇਸੇ ਸਾਲ 2011 ਵਿਚ ਲਿਬਰਲ ਉਮੀਦਵਾਰ ਕੁਲਦੀਪ ਕੁਲਾਰ ਨੂੰ 2277 ਵੋਟਾਂ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਇਹੋ ਸੀਟ ਸੰਨ 2014 ਵਿਚ ਮੁੜ ਵੱਡੇ ਫ਼ਰਕ ਨਾਲ ਦਿੱਤ ਲਈ। ਓਂਟਾਰੀਓ ਵਿਧਾਨ ਸਭਾ ਵਿਚ ਉਨ੍ਹਾਂ ਦੀ ਲੋਕ ਪੱਖੀ ਕਾਰਗੁਜ਼ਾਰੀ, ਪ੍ਰਾਈਵੇਟ ਮੈਂਬਰ ਬਿੱਲਾਂ, ਵਿੱਦਿਅਕ ਸੁਧਾਰਾਂ ਸਬੰਧੀ ਸੁਝਾਵਾਂ ਕਰ ਕੇ ਪਾਰਟੀ ਅਤੇ ਰਾਸ਼ਟਰੀ ਪੱਧਰ ’ਤੇ ਵੱਡੀ ਵਾਹਵਾ ਹੀ ਪ੍ਰਾਪਤ ਕੀਤੀ। ਪਾਰਟੀ ਉਮੀਦਵਾਰਾਂ ਲਈ ਅਲਬਰਟਾ, ਨੋਵਾ ਸਕੋਸ਼ੀਆ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਚੋਣ ਮੁਹਿੰਮ ਭਖਾਈ। ਐੱਨਡੀਪੀ ਦੇ ਚਮਤਕਾਰੀ ਅਤੇ ਦੂਰਅੰਦੇਸ਼ ਆਗੂ ਜੈਕ ਲੇਟਨ ਜਿਨ੍ਹਾਂ ਪਾਰਟੀ ਦੀ ਅਗਵਾਈ ਸੰਨ 2003-2011 ਤੱਕ ਕੀਤੀ, ਕੈਨੇਡੀਅਨ ਰਾਜਨੀਤੀ ਵਿਚ ਇਸ ਨੂੰ ਸਿਖ਼ਰਾਂ ਵੱਲ ਲੈ ਗਿਆ। ਪਾਰਲੀਮੈਂਟ ਵਿਚ 13 ਸਾਂਸਦਾਂ ਤੋਂ ਸੰਨ 2011 ਦੀਆਂ ਚੋਣਾਂ ਵਿਚ 103 ’ਤੇ ਲੈ ਗਿਆ। ਪਰ ਉਨ੍ਹਾਂ ਦੀ ਕੈਂਸਰ ਕਰਕੇ ਮੌਤ ਤੋਂ ਬਾਅਦ ਪਾਰਟੀ ਮੁਖੀ ਥਾਮਸ ਮੁਕਲੇਅਰ ਚੁਣੇ ਗਏ। ਸੰਨ 2015 ਵਿਚ ਪਾਰਲੀਮਾਨੀ ਚੋਣਾਂ ਵਿਚ ਉਨ੍ਹਾਂ ਦੀ ਅਗਵਾਈ ਵਿਚ ਪਾਰਟੀ ਧੜਾਮ ਥੱਲੇ 44 ਸੀਟਾਂ ’ਤੇ ਡਿੱਗ ਪਈ। ਨਤੀਜੇ ਵਜੋਂ ਉਸ ਨੂੰ ਹਟਾ ਦਿੱਤਾ ਗਿਆ। ਵੀਹ ਅਕਤੂਬਰ 2017 ਵਿਚ ਜਗਮੀਤ ਸਿੰਘ ਨੂੰ ਪਾਰਟੀ ਆਗੂ ਚੁਣ ਲਿਆ ਗਿਆ।

ਸੰਨ 2019 ਵਿਚ ਬਰਨ ਬੇਅ (ਬ੍ਰਿਟਿਸ਼ ਕੋਲੰਬੀਆ) ਤੋਂ ਉੱਪ ਚੋਣ ਜਿੱਤ ਕੇ ਪਾਰਲੀਮੈਂਟ ਵਿਚ ਦਾਖ਼ਲ ਹੋਏ। ਸੰਨ 2019 ਦੀਆਂ ਫੈਡਰਲ ਚੋਣਾਂ ਵਿਚ ਐੱਨਡੀਪੀ ਸਿਰਫ਼ 24 ਸੀਟਾਂ ਜਿੱਤ ਸਕੀ। ਜਸਟਿਨ ਟਰੂਡੋ ਦੀ ਘੱਟ ਗਿਣਤੀ ਸਰਕਾਰ ਨੂੰ ਘੱਟੋ-ਘੱਟ ਪ੍ਰੋਗਰਾਮ ਦੇ ਆਧਾਰ ’ਤੇ ਉਨ੍ਹਾਂ ਬਾਹਰੋਂ ਹਮਾਇਤ ਦੇ ਕੇ ਦੇਸ਼ ਨੂੰ ਮੁੜ ਚੋਣਾਂ ਤੋਂ ਬਚਾਅ ਲਿਆ। ਸੰਨ 2021 ਨੂੰ ਬਹੁਮਤ ਪ੍ਰਾਪਤ ਕਰਨ ਦੀ ਇੱਛਾ ਨਾਲ ਟਰੂਡੋ ਸਰਕਾਰ ਨੇ ਦੇਸ਼ ’ਤੇ ਮੱਧਕਾਲੀ ਚੋਣਾਂ ਥੋਪੀਆਂ। ਇਨ੍ਹਾਂ ਚੋਣਾਂ ਵਿਚ ਜਗਮੀਤ ਸਿੰਘ ਨੇ ਜਿੱਥੇ ਆਪਣੀ ਬਰਨ ਬੇਅ ਸੀਟ ਬਰਕਰਾਰ ਰੱਖੀ ਉੱਥੇ ਹੀ ਪਾਰਟੀ ਨੂੰ 25 ਸੀਟਾਂ ਤੇ ਜਿੱਤ ਹਾਸਲ ਹੋਈ। ਜਗਮੀਤ ਨੇ ਮੁੜ ਘੱਟੋ-ਘੱਟ ਪ੍ਰੋਗਰਾਮ ਤਹਿਤ ਟਰੂਡੋ ਦੀ ਘੱਟ ਗਿਣਤੀ ਸਰਕਾਰ ਕਾਇਮ ਰੱਖਣ ਨਾਲ ਦੇਸ਼ ਨੂੰ ਮੱਧਕਾਲੀ ਚੋਣਾਂ ਤੋਂ ਬਚਾਅ ਲਿਆ। ਚੋਣਾਂ ਦੌਰਾਨ ਉਨ੍ਹਾਂ ਸਪਸ਼ਟ ਕਰ ਦਿੱਤਾ ਸੀ ਕਿ ਲਟਕਵੀਂ ਪਾਰਲੀਮੈਂਟ ਦੀ ਸੂਰਤ ਵਿਚ ਉਹ ਕੰਜ਼ਰਵੇਟਿਵ ਘੱਟ ਗਿਣਤੀ ਦੀ ਸਰਕਾਰ ਗਠਿਤ ਕਰਨ ਲਈ ਹਮਾਇਤ ਨਹੀਂ ਕਰਨਗੇ।

ਉਹ ਨੌਜਵਾਨਾਂ ਨੂੰ ਉਤਸ਼ਾਹਤ ਕਰਨ ਵਾਲਾ ਆਗੂ ਹੈ। ਵਾਤਾਵਰਨ ਦੀ ਸੰਭਾਲ ਪ੍ਰਤੀ ਵਚਨਬੱਧ ਹੈ ਅਤੇ ਚਾਹੁੰਦਾ ਹੈ ਕਿ ਸੰਨ 2025 ਤੱਕ ਕਾਰਬਨ ਨਿਕਾਸੀ ਮੁੜ 2005 ਦੇ ਪੱਧਰ ’ਤੇ ਲਿਆਂਦੀ ਜਾਵੇ। ਲੱਖਾਂ ਗ਼ਰੀਬ ਕੈਨੇਡੀਅਨਾਂ ਦੀ ਹਾਲਤ ਸੁਧਾਰਨ ਲਈ ਉਹ ਅਮੀਰਾਂ ਅਤੇ ਕਾਰਪੋਰੇਟਰਾਂ ’ਤੇ ਟੈਕਸ ਲਾਉਣ ਅਤੇ ਹੇਠਲੇ ਵਰਗਾਂ ਨੂੰ ਰਾਹਤ ਦਾ ਹਾਮੀ ਹੈ। ਘੱਟੋ-ਘੱਟ 25 ਡਾਲਰ ਪ੍ਰਤੀ ਘੰਟਾ ਉਜਰਤ ਦਾ ਹਾਮੀ ਹੈ।

ਇਨ੍ਹਾਂ ਮੁੱਦਿਆਂ ਦੇ ਆਧਾਰ ’ਤੇ ਟਰੂਡੋ ਦੀ ਲਿਬਰਲ ਪਾਰਟੀ ਦੀ ਸਰਕਾਰ ਨੂੰ ਸੰਨ 2025 ਵਿਚ ਕਾਰਜਕਾਲ ਪੂਰਤੀ ਤੱਕ ਹਮਾਇਤ ਜਾਰੀ ਰੱਖਣ ਲਈ ਮਾਰਚ 2022 ਨੂੰ ‘ਸਪਲਾਈ ਤੇ ਵਿਸ਼ਵਾਸ’ ਸੰਧੀ ਕੀਤੀ ਸੀ। ਪਰ ਟਰੂਡੋ ਸਰਕਾਰ ਵੱਲੋਂ ਮੱਧ ਵਰਗ ਦੀ ਹਮਾਇਤ ਤੋਂ ਪੈਰ ਪਿਛਾਂਹ ਖਿੱਚਣ ਅਤੇ ਕਾਰਪੋਰੇਟ ਘਰਾਣਿਆਂ ਦੀ ਪਿੱਠ ਪੂਰਨ ਕਰਕੇ 4 ਸਤੰਬਰ 2024 ਨੂੰ ਜਗਮੀਤ ਸਿੰਘ ਨੇ ਇਹ ਸੰਧੀ ਤੋੜ ਦਿੱਤੀ। ਇਵੇਂ ਟਰੂਡੋ ਘੱਟ ਗਿਣਤੀ ਸਰਕਾਰ ਰਾਜਨੀਤਕ ਸੰਕਟ ਗ੍ਰਸਤ ਹੋ ਗਈ। ਫਿਰ ਵੀ ਸਰਕਾਰ ਦਾ ਡਿੱਗਣਾ ਹੁਣ ਐੱਨਡੀਪੀ ਅਤੇ ਕਿਊਬੈਕ ਬਲਾਕ ਦੇ ਵਤੀਰੇ ’ਤੇ ਨਿਰਭਰ ਕਰੇਗਾ।

ਕੈਨੇਡਾ ਅੰਦਰ ਅਜੋਕੀ 21ਵੀਂ ਸਦੀ ਵਿਚ ਬ੍ਰਿਟਿਸ਼ ਰਾਜਸ਼ਾਹੀ ਦੀ ਸਾਰਥਕਤਾ ਜ਼ੀਰੋ ਹੋ ਚੁੱਕੀ ਹੈ। ਕੈਨੇਡਾ ਰਿਪਬਲਿਕ ਸਟੇਟ ਵਜੋਂ ਸਥਾਪਤ ਕੀਤਾ ਜਾਵੇ। ਜਗਮੀਤ ਇਸ ਦਾ ਵੱਡਾ ਅਲੰਬਰਦਾਰ ਹੈ। ਉਹ ਨਸਲਵਾਦ ਅਤੇ ਕਾਰਡਿੰਗ ਸਿਸਟਮ ਦੇ ਖ਼ਾਤਮੇ ਲਈ ਫੈਡਰਲ ਕਾਨੂੰਨ ਦਾ ਹਾਮੀ ਹੈ। ਖ਼ੁਦ ਕਈ ਵਾਰ ਨਸਲਵਾਦ ਦਾ ਸ਼ਿਕਾਰ ਹੋਇਆ ਹੈ। ਉਹ ਰਾਜਾਂ ਦੇ ਸਵੈ ਨਿਰਣੇ ਦੇ ਅਧਿਕਾਰ ਖ਼ਾਸ ਕਰਕੇ ਫਰੈਂਚ ਬਹੁਲਰਾਜ ਕਿਊਬੈਕ ਦਾ ਵੱਡਾ ਹਾਮੀ ਹੈ ਪਰ ਉਸ ਦੇ ਧਾਰਮਿਕ ਆਜ਼ਾਦੀਆਂ ਵਿਰੋਧੀ ਬਿੱਲ-21 ਦਾ ਵਿਰੋਧੀ ਹੈ ਕਿਉਂਕਿ ਇਹ ਬਿੱਲ ਧਾਰਮਿਕ ਚਿੰਨ੍ਹ ਪਹਿਨਣ ਵਾਲਿਆਂ ਨੂੰ ਸਰਕਾਰੀ ਨੌਕਰੀਆਂ ਤੋਂ ਵੰਚਿਤ ਕਰਦਾ ਹੈ, ਮਾਨਵ ਅਧਿਕਾਰਾਂ ਦੀ ਸਰਬਲੌਕਿਕਤਾ ਵਿਰੁੱਧ ਹੈ।

**ਦਰਬਾਰਾ ਸਿੰਘ ਕਾਹਲੋਂ**


STAR AUTOBODY

ICBC c.a.r. shop VALET
Accredited Collision Repairs & Valet Service

ICBC Glass EXPRESS



SPECIALIZE
- All vehicles any make or model
- Commercial Trucks, any make or model


CERTIFIED
- ICBC CARSHOP Valet Express Shop with certified technicians and equipment
- ICBC Glass Express
- Private Insurance Companies

SERVICE
- Open Monday-Saturday - 8 am to 6 pm
- Courtesy Cars
- Vehicle pick-up and drop-off

604-597-5151
8277 - 124th St., Surrey, BC V3W 9G2
Ph: 604-597-5151 / Fax: 604-597-5195
www.startautobody.net

We handle private insurance claims:
family INSURANCE | intact INSURANCE | canadian direct insurance | economical INSURANCE | CNS | RSA





One solution for oxygen at home, away, and for travel

Introducing the INOGEN ONE
It's oxygen therapy on your terms

No more tanks to refill. No more deliveries. No more hassles with travel. The INOGEN ONE portable oxygen concentrator is designed to provide unparalleled freedom for oxygen therapy users. It's small, lightweight, clinically proven for stationary and portable use, during the day and at night, and can **go virtually anywhere — even on most airlines.**

Inogen accepts Medicare and many private insurances!

Reclaim Your Freedom And Independence NOW!

inogen



Call Inogen Today To Request Your FREE Info Kit

1-855-578-6985

© 2020 Inogen, Inc. All rights reserved.

MKT-P0108

# ਵਿਦੇਸ਼ ਵੱਸਦੇ ਧੀ-ਪੁੱਤ ਨਾਲ ਰੱਖੋ ਸੰਪਰਕ



ਜੋ ਸਾਡੇ ਬੱਚੇ ਵਿਦੇਸ਼ ਚਲੇ ਜਾਂਦੇ ਹਨ,ਕਈ ਵਾਰ ਅਸੀਂ ਕੁਝ ਸਮੇਂ ਪਿੱਛੋਂ ਉਨਾਂ ਨਾਲ ਤਾਲਮੇਲ ਘਟਾ ਦਿੰਦੇ ਹੈ, ਜੋ ਗ਼ਲਤ ਹੈ। ਵਿਦੇਸ਼ੀ ਵੱਸਦੇ ਧੀਆਂ-ਪੁੱਤਾਂ ਨਾਲ ਹਮੇਸ਼ਾ ਤਾਲਮੇਲ ਬਣਾ ਕੇ ਜੁੜੇ ਰਹੋ।ਉਨ੍ਹਾਂ ਨਾਲ ਜੁੜੇ ਰਹਿਣ ਨਾਲ ਪਰਿਵਾਰ ਚ ਮੋਹ ਮੁਹੱਬਤ ਬਣਿਆ ਰਹਿੰਦਾ ਹੈ। ਗੱਲਬਾਤ ਕਰਦੇ ਰਹਿਣ ਨਾਲ ਤੁਸੀਂ ਇਕੱਲਤਾ ਮਹਿਸੂਸ ਨਹੀਂ ਕਰੋਗੇ। ਡਿਪਰੈਸ਼ਨ ਦਾ ਸ਼ਿਕਾਰ ਨਹੀਂ ਹੋਵੇਗੇ ਨਾ ਤੁਸੀਂ ਤੇ ਨਾ ਹੀ ਤੁਹਾਡੇ ਧੀਆਂ-ਪੁੱਤ। ਫੋਨ 'ਤੇ ਤਾਲਮੇਲ ਰੱਖਣ ਨਾਲ ਤੁਹਾਡੇ ਧੀਆਂ-ਪੁੱਤਾਂ ਨੂੰ ਲੱਗੂਗਾ ਕਿ ਤੁਸੀਂ ਉਨ੍ਹਾਂ ਨੂੰ ਜ਼ਿੰਦਗੀ ਚ ਅਹਿਮੀਅਤ ਦਿੰਦੇ ਹੋ। ਉਨ੍ਹਾਂ ਦੀ ਕਦਰ ਕਰਦੇ ਹੋ। ਜੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋ।ਉਹ ਵੀ ਪਿਆਰ ਕਰਨਗੇ। ਤੁਹਾਡਾ ਦੁੱਖ-ਸੁੱਖ ਪੁੱਛਣਗੇ। ਜੇ ਤੁਸੀਂ ਸੰਪਰਕ ਨਹੀਂ ਰੱਖਦੇ ਤਾਂ ਉਹ ਗ਼ਲਤ ਰਸਤੇ ਵੱਲ ਜਾ ਸਕਦੇ ਹਨ।

ਮਾੜਾ ਚੰਗਾ ਦੌਰ ਆਉਂਦਾ ਜਾਂਦਾ ਰਹਿੰਦਾ ਹੈ। ਘਬਰਾਓ ਨਾ। ਮੁਸ਼ਕਲ ਤੋਂ ਭੱਜੋਗੇ ਤਾਂ ਮੁਸ਼ਕਲ ਤੁਹਾਡੇ ਪਿੱਛੇ ਭੱਜੇਗੀ। ਅਗਰ ਤੁਸੀਂ ਹੱਲ ਕਰੋਗੇ ਤਾਂ ਹੱਲ ਹੋ ਜਾਵੇਗੀ। ਬੱਚਿਆਂ ਨਾਲ ਤਾਲਮੇਲ 'ਚ ਰਹਿੰਦੇ ਹੋ ਤਾਂ ਜੀਵਨ ਸੁਖਾਲਾ ਰਹਿੰਦਾ ਹੈ । ਧੀ-ਪੁੱਤ ਨਾਲ ਗੱਲ ਕਰ ਕੇ ਤੁਹਾਨੂੰ ਅਤੇ ਤੁਹਾਡੇ ਤੋਂ ਲੱਖਾਂ ਮੀਲ ਦੂਰ ਸੱਤ ਸਮੁੰਦਰੋਂ ਪਾਰ ਬੈਠੇ ਤੁਹਾਡੇ ਬੱਚਿਆਂ ਨੂੰ ਸਕੂਨ ਮਿਲਦਾ ਹੈ। ਕਿਸੇ ਵੀ ਦਿੱਕਤ ਨੂੰ ਜੇ ਤੁਸੀਂ ਮਿਲ ਕੇ ਨਜਿੱਠਦੇ ਹੋ ਤਾਂ ਉਹ ਦਿੱਕਤ ਨਹੀਂ ਰਹਿੰਦੀ। ਉਹ ਦਿੱਕਤ ਅੱਧੀ ਜਾਪਣ ਲੱਗਦੀ ਹੈ।ਉਹ ਆਸਾਨੀ ਨਾਲ ਹੱਲ ਹੋ ਜਾਂਦੀ ਹੈ। ਜ਼ਿੰਦਗੀ ਦਾ ਸਧਾਰਣ ਜੇਹਾ ਫੰਡਾ ਹੈ ਕਿ ਜ਼ਿੰਦਗੀ 'ਚ ਆਉਣ ਵਾਲੇ ਹਰ ਦੁੱਖ-ਸੁੱਖ ਦਾ ਰਲ ਕੇ ਸਾਹਮਣਾ ਕਰੋ।ਜੇ ਤੁਹਾਡਾ ਵਿਦੇਸ਼ ਰਹਿੰਦੇ ਆਪਣੇ ਧੀਆਂ-ਪੁੱਤਾਂ ਨਾਲ ਤਾਲਮੇਲ ਨਹੀਂ ਜਾਂ ਤੁਸੀਂ ਉਨ੍ਹਾਂ ਨਾਲ ਕਈ-ਕਈ ਦਿਨ ਸੰਪਰਕ ਤੋੜ ਕੇ ਰੱਖਦੇ ਹੋ ਤਾਂ ਸਮਝੋ, ਤੁਸੀਂ ਵੱਡੀ ਭੁੱਲ ਕਰ ਰਹੇ ਹੋ ਜੋ ਬੇਹੱਦ ਖ਼ਤਰਨਾਕ ਸਾਬਤ ਹੋ ਸਕਦੀ ਹੈ। ਤੁਹਾਡੇ ਧੀਆਂ-ਪੁੱਤਾਂ ਨੇ ਤੁਹਾਡੇ ਤੋਂ ਬਹੁਤ ਕੁਝ ਸਿੱਖਣਾ ਹੁੰਦਾ ਹੈ।

ਜੋ ਜੇ ਤੁਸੀਂ ਉਨ੍ਹਾਂ ਨਾਲ ਤਾਲਮੇਲ ਤੋੜ ਦਿੰਦੇ ਹੋ ਜਾਂ ਵਾਹਵਾ ਦਿਨ ਫ਼ੋਨ 'ਤੇ ਗੱਲਬਾਤ ਨਹੀਂ ਕਰਦੇ ਤਾ ਉਹ ਉਨ੍ਹਾਂ ਸੰਸਕਾਰਾਂ ਤੋ ਵਾਂਝੇ ਰਹਿ ਜਾਣਗੇ ਜੋ ਸੱਭਿਅਕ ਜ਼ਿੰਦਗੀ ਜਿਊਣ ਵਾਸਤੇ ਲੋੜੀਂਦੇ ਹੁੰਦੇ ਹਨ। ਕੋਸ਼ਿਸ਼ ਕਰੋ ਉਹ ਜਦੋਂ ਵੀ ਫ੍ਰੀ ਹੋਣ ਉਨ੍ਹਾਂ ਨਾਲ ਦਿਨ ਵਿਚ ਇਕ ਦੋ ਵਾਰ ਜ਼ਰੂਰ ਗੱਲ ਕਰੋ। ਹਾਲ-ਚਾਲ ਪੁੱਛੋ। ਕੀ ਖਾਧਾ ਹੈ ?ਉਨ੍ਹਾਂ ਸਾਰਾ ਦਿਨ ਅੱਜ ਕੀ ਕੀਤਾ ? ਕਿਸ-ਕਿਸ ਨੂੰ ਮਿਲੇ? ਕੀ-ਕੀ ਗੱਲ ਹੋਈ?ਕੰਮ ਕਿਵੇਂ ਚੱਲ ਰਿਹਾ ਹੈ ?ਕੋਈ ਮੁਸ਼ਕਲ ਤਾਂ ਨਹੀਂ? ਕਿਸੇ ਚੀਜ਼ ਦੀ ਜ਼ਰੂਰਤ ਹੈ, ਵਗ਼ੈਰਾ ! ਉਹ ਵੀ ਪੁੱਛੋ । ਜੋ ਸਾਡੇ ਧੀਆਂ-ਪੁੱਤਾਂ ਨੂੰ ਸਾਡੇ ਹੋਰ ਨੇੜੇ ਲਿਆਉਣ 'ਚ ਲਾਹੇਵੰਦ ਸਾਬਤ ਹੋਵੇਗਾ।

ਅਜੀਤ ਖੰਨਾ

# ਨਿਊਵੈਸਟਮਨਿਸਟਰ 'ਚ ਭਾਬੀ ਦੇ ਕਾਤਲ ਪੰਜਾਬੀ ਨੂੰ ਦੇਸ਼ ਨਿਕਾਲਾ




**ਸਰੀ**: ਨਿਊਵੈਸਟਮਨਿਸਟਰ ਸਥਿਤ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਨੇ 4 ਸਾਲ ਪਹਿਲਾਂ ਕਤਲ ਕੀਤੀ ਗਈ ਪੰਜਾਬਣ ਬਲਜੀਤ ਕੌਰ ਦੇ ਦਿਓਰ ਹਰਪ੍ਰੀਤ ਸਿੰਘ ਨੂੰ ਸਜ਼ਾ ਪੂਰੀ ਹੋਣ ਉਪਰੰਤ ਦੇਸ਼ ਨਿਕਾਲਾ ਦਿੱਤੇ ਜਾਣ ਦਾ ਹੁਕਮ ਸੁਣਾਇਆ ਹੈ ਤੇ ਉਹ ਕੋਈ ਅਪੀਲ ਨਹੀਂ ਕਰ ਸਕੇਗਾ।

## RATAN TATA, 86, PASSES AWAY AT MUMBAI'S BREACH CANDY HOSPITAL DUE TO AGE RELATED AILMENTS



Ratan Tata, Chairman Emeritus of Tata Sons, breathed his last on Wednesday (October 9) at Mumbai's Breach Candy Hospital. He was 86 years old.

As one of the most respected figures in Indian business, Ratan Tata, the veteran industrialist and Chairman Emeritus of Tata Sons, had admirers from all walks of life.

Prior to this, Reuters reported on Tata's health, noting that the tycoon was admitted to the hospital and is reportedly in critical condition.

Apart of this report, earlier many media organisation reported on Tata health and his admission to Mumbai's Breach Candy Hospital in the early hours of Monday (October 7).

However, Tata addressed these rumors directly on social media, stating, "Thank you for thinking of me."

Furthermore, on October 7, Tata took to social media to clarify the health concerns circulating about him. In a post on X, he described the rumors as "unfounded" and reassured his followers about his well-being.

Vol. 17, Issue: 41

Friday, October 11, 2024

# REALTY CLASSIFIEDS

W: www.realtyclassifieds.ca | E: design@swmediagroup.ca | Ph: 604-825-3950,

Off: 604-507-8009, #3 7953 120 St., Delta BC V4C 6PC | Fax: 1-855-796-3342

## Canada's sluggish housing markets in recovery mode following third straight interest rate cut

TORONTO, Oct. 10, 2024 /CNW/ - According to the Royal LePage House Price Survey released today, the aggregate1 price of a home in Canada increased 1.6 per cent year over year to $815,500 in the third quarter of 2024. On a quarter-over-quarter basis, however, the national aggregate home price decreased 1.1 per cent, following sluggish activity in most – though not all – markets through the summer months. Coast to coast, sales volumes began to pick up in September, and more than one third (38%) of regional markets covered in the report recorded positive aggregate price gains in the third quarter over the previous quarter.



"Despite three cuts to the Bank of Canada's overnight lending rate, buyer demand nationally remains weak, particularly among two key groups: first-time homebuyers and small investors," said Phil Soper, president and chief executive officer, Royal LePage. "First-time buyers, who are more sensitive to interest rates, are adopting a wait-and-see attitude. With home prices essentially flat and interest rates steadily declining, they perceive no penalty in postponing their purchase.

"Similarly, small investors who typically buy condominiums to rent out and supply much of Canada's rental housing, are also hesitant. Elevated rates have made the financials unworkable, with carrying costs surpassing rental income. While historically some landlords accept negative cash flow temporarily when properties are appreciating in value, the current flat prices do not justify many investments," said Soper. "We believe that both groups will re-enter the market in significant numbers as property values begin to rise again. With further rate cuts from the Bank of Canada likely this year, we anticipate prices will appreciate more quickly, eliminating the advantages of waiting for first-time buyers and making calculations more favourable for investors.

"Total listings on royallepage.ca, Canada's most visited real estate company website, reached a historical high in September, up 19 per cent year over year," continued Soper. "Clearly, existing homeowners are ready to move. And, all buyers have more choice and less competition than is typical in our growing nation. The market recovery is underway and will continue to gain strength into 2025."




THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.



# HARMINDER S. PATTAR PREC

**604-377-2854**

amex FRASERIDGE REALTY
7505 VICTORIA DRIVE
VANCOUVER BC
V5P 3Z6
604 322 3272

**BUILDERS OR INVESTOR ALERT!**

I have BIG Chinese Investors, they are looking for Investment in Multi-family Townhouses and Hotel sites. Call for more details.

## COMMERCIAL PLAZA FOR SALE

### 2638-2640 CEDAR PARK PLACE, ABBOTSFORD






THIS IS A FULLY LEASED WITH 10 SEPARATELY LEASED RETAILS. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AND CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE. THE PROPERTY HOLDS GREAT FUTURE POTENTIAL.. THERE ARE TWO ROOFS FOR THE BUILDING, THE UPPER ROOF IS ONE YEAR OLD & THE TOWER ROOF IS 5 YEAR.. DRAINAGE ON ROOF, AND MAIN DRAIN WATER LINE TO THE CITY LINE PIPES RECENTLY REPLACE.. MANY OF THE UNITS HAVE UNDERGONE RECENT RENOVATIONS, GOOD INCOME WITH LOTS OF POTENTIAL.

**$8,800,000**

### 8408 17th Avenue, Burnaby




RARE Burnaby gem! Beautiful clean corner lot approx 6230 sq ft. This 2 bed 1 bath Bungalow-Rancher is facing a greenbelt creating ultimate PRIVACY and offers a RENOVATED Interior, which has been immaculately maintained. Quiet, CENTRAL LOCATION close to trails, dog parks, highways, transit, great schools, parks, recreation, shopping and much more! Enjoy the use of a massive crawlspace, shop in the yard, and this tastefully renovated home which includes a high efficiency furnace and built in vacuum. Please contact to book your viewing.

**$1,499,000**

### #419 23233 GILLEY RD, RICHMOND



GREAT VALUE, TOP FLOOR UNIT, 850 sq.ft., 2 BEDROOM PLUS DEN, 2 BATHROOM, 2 parking spots and 2 lockers. Lowest price in the building. Master planned community is taking place in East Richmond, unit is back quiet side. Bright spacious open layout with nine foot ceilings, quartz counter tops, gas cook top and glass back splash. Finely crafted home designed by award winning Rositch Hemphill Architects. Phase ! offers lap pool, therapy pool, hut tub, gym and multipurpose room Steps to shopping, public transit, community centre, school, all connected to peaceful parks.

01/12

# Lifestyle
REAL ESTATE GROUP




**11596 Parkwood Pl.**

*Spacious 3 bdrm 1.5 bath rancher on a large lot (RS1 Zoning)!*




**9130 Norum Road**

*Lovely 6 bdrm 3 bath home on a rare, nearly 2/3's of an acre.*




**5888 Ormidale Street**

*Perfect investment for future land assembly. Large 33 x 139 lot!*




**#103 - 1375 View Cr.**

*Corner 2 bdrm 2 full bath condo in Beach Grove, Tsawwassen!*




**#222 - 7837 - 120A St.**

*Spacious & bright 1692 sq ft townhouse close to everything!*




**#61 - 11491 - 7th Ave**

*Rarely available waterfront town-home in exclusive Mariner's Village!*



Tom Edwards
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax
RE/MAX (604) 590-4888

Lifestyle REAL ESTATE GROUP
Love where you live




**#101 7728 128 St Surrey, BC V3W 1L3, Canada**

## FOR ADVERTISEMENT IN SW MEDIA GROUP NEWSPAPERS CALL US AT 604-825-3950

# ਹਾਕੀ ਓਲੰਪੀਅਨਾਂ 'ਚ ਤੀਜੇ ਰੈਂਕ 'ਤੇ ਪੁੱਜਾ ਹਾਕੀ ਕਪਤਾਨ ਹਰਮਨਪ੍ਰੀਤ ਸਿੰਘ



ਰਾਈਟ ਫੁੱਲ ਬੈਕ ਦੀ ਪੁਜ਼ੀਸ਼ਨ 'ਤੇ ਖੇਡਣ ਵਾਲੇ ਡਿਫੈਂਡਰ ਹਰਮਨਪ੍ਰੀਤ ਸਿੰਘ ਨੂੰ ਆਪਣੇ ਡੀ-ਸਰਕਲ ਦੇ ਅੰਦਰ ਤੇ ਬਾਹਰ ਜਿਥੇ ਵਿਰੋਧੀ ਸਟਰਾਈਕਰ ਨੂੰ ਡੱਕੀ ਰੱਖਣ ਦੀ ਮੁਹਾਰਤ ਹਾਸਿਲ ਹੈ ਉਥੇ ਇਸ ਸਮੇਂ ਇਕ ਮਹਾਨ ਡਰੈਗ ਫਲਿੱਕਰ ਵਜੋਂ ਉਸ ਦਾ ਨਾਮ ਦੁਨੀਆ ਦੀ ਹਾਕੀ ਦੇ ਨਕਸ਼ੇ 'ਤੇ ਡਲਕਾਂ ਮਾਰ ਰਿਹਾ ਹੈ। ਪੈਨਲਟੀ ਕਾਰਨਰਾਂ ਨੂੰ ਡਰੈਗ ਫਲਿੱਕਾਂ ਰਾਹੀਂ ਗੋਲਾਂ 'ਚ ਤਬਦੀਲ ਕਰਨ 'ਚ ਹਰਮਨਪ੍ਰੀਤ ਨੇ ਵਿਰੋਧੀ ਹਾਕੀ ਟੀਮਾਂ ਦੇ ਗੋਲਕੀਪਰਾਂ ਅਤੇ ਰੱਖਿਅਕ ਖਿਡਾਰੀਆਂ ਦੀ ਬਸ ਕਰਵਾਈ ਹੋਈ।

ਇਸ ਤੁਰਪ ਦੇ ਪੱਤੇ ਨੇ ਟੋਕੀਓ-2020 ਓਲੰਪਿਕ 'ਚ 6 ਗੋਲ ਅਤੇ ਪੈਰਿਸ-2024 ਓਲੰਪਿਕ ਹਾਕੀ 'ਚ 10 ਗੋਲ ਦਾਗ਼ਣ ਸਦਕਾ ਦੋਵੇਂ ਵਾਰ ਟੀਮ ਨੂੰ ਤਾਂਬੇ ਦਾ ਤਗਮੇ ਜਿਤਾਉਣ 'ਚ ਵੱਡਾ ਯੋਗਦਾਨ ਪਾਇਆ ਗਿਆ। ਗੌਰਤਲਬ ਹੈ ਕਿ ਟੋਕੀਓ ਓਲੰਪਿਕ 'ਚ ਹਰਮਨਪ੍ਰੀਤ ਸਿੰਘ ਟੀਮ ਦਾ ਉਪ-ਕਪਤਾਨ ਤੇ ਪੈਰਿਸ ਓਲੰਪਿਕ 'ਚ ਕੌਮੀ ਹਾਕੀ ਟੀਮ ਦਾ ਕਪਤਾਨ ਸੀ।

ਜ਼ਿਲ੍ਹਾ ਅੰਮ੍ਰਿਤਸਰ ਦੇ ਕਸਬੇ ਜੰਡਿਆਲਾ ਗੁਰੂ 'ਚ ਕਿਸਾਨ ਸਰਬਜੀਤ ਸਿੰਘ ਦੇ ਗ੍ਰਹਿ ਵਿਖੇ ਜਨਵਰੀ-6, 1996 ਨੂੰ ਜਨਮੇ ਹਰਮਨਪ੍ਰੀਤ ਸਿੰਘ ਨੇ ਸਾਲ-2011 ਤੋਂ ਯੂਥ ਕਰੀਅਰ ਦੀ ਸ਼ੁਰੂਆਤ ਸੁਰਜੀਤ ਸਿੰਘ ਹਾਕੀ ਅਕਾਡਮੀ ਜਲੰਧਰ ਤੋਂ ਕੀਤੀ। ਸਾਲ-2014 'ਚ ਭਾਰਤ ਹਾਕੀ ਟੀਮ ਦੇ ਸਿਲੈਕਟਰਾਂ ਨੇ ਹਰਮਨਪ੍ਰੀਤ ਸਿੰਘ ਦੀ ਸਿਲੈਕਸ਼ਨ ਅੰਡਰ-21 ਜੂਨੀਅਰ ਹਾਕੀ ਟੀਮ 'ਚ ਖੇਡਣ ਲਈ ਕੀਤੀ ਗਈ। ਕੌਮੀ ਹਾਕੀ ਟੀਮ ਦੇ ਚੋਣਕਾਰਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਦਿਆਂ ਰੱਖਿਅਕ ਖਿਡਾਰੀ ਹਰਮਨਪ੍ਰੀਤ ਸਿੰਘ ਵਲੋਂ ਅੰਡਰ-21 ਜੂਨੀਅਰ ਹਾਕੀ ਟੀਮ ਲਈ 35 ਕੌਮਾਂਤਰੀ ਹਾਕੀ ਮੈਚਾਂ 'ਚ 32 ਗੋਲ ਸਕੋਰ ਕਰਨ ਦਾ ਕਰਿਸ਼ਮਾ ਕੀਤਾ ਗਿਆ। 2015 'ਚ ਕੌਮੀ ਟੀਮ 'ਚ ਐਂਟਰੀ ਕਰਨ ਵਾਲਾ ਹਰਮਨਪ੍ਰੀਤ, ਅੰਡਰ-21 ਹਾਕੀ ਟੀਮ ਨਾਲ ਸੁਲਤਾਨ ਜੋਹਰ ਹਾਕੀ ਕੱਪ ਜਿੱਤਣ ਵਾਲੀ ਟੀਮ ਨਾਲ ਮੈਦਾਨ ਵਿਚ ਨਿੱਤਰਿਆ।

ਮਲੇਸ਼ੀਆ 'ਚ ਖੇਡੇ ਗਏ ਇਸ ਮੁਕਾਬਲੇ 'ਚ ਹਰਮਨਪ੍ਰੀਤ 9 ਗੋਲਾਂ ਨਾਲ 'ਟਾਪ ਸਕੋਰਰ' ਬਣਨ ਦੇ ਨਾਲ 'ਬੈਸਟ ਪਲੇਅਰ ਆਫ ਦਿ ਟੂਰਨਾਮੈਂਟ' ਵੀ ਨਾਮਜ਼ਦ ਹੋਇਆ। ਜੂਨੀਅਰ ਏਸ਼ੀਆ ਹਾਕੀ ਕੱਪ 'ਚ 15 ਗੋਲ ਕਰਨ ਵਾਲੇ ਹਰਮਨਪ੍ਰੀਤ ਸਿੰਘ ਨੂੰ ਏਸ਼ੀਅਨ ਗੇਮਜ਼-2018 'ਚ ਤਾਂਬੇ ਦਾ ਤਗਮਾ, ਏਸ਼ੀਆ ਹਾਕੀ ਕੱਪ ਢਾਕਾ-2017 'ਚ ਗੋਲਡ ਮੈਡਲ ਜਿੱਤਣ ਤੋਂ ਇਲਾਵਾ ਚੈਂਪੀਅਨਜ਼ ਹਾਕੀ ਟਰਾਫ਼ੀ ਲੰਡਨ-2016 ਤੇ ਹਾਲੈਂਡ-2018 'ਚ ਲਗਾਤਾਰ ਦੋ ਸਿਲਵਰ ਮੈਡਲ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੀ ਪ੍ਰਤੀਨਿੱਧਤਾ ਕਰਨ ਦਾ ਹੱਕ ਹਾਸਿਲ ਹੈ। ਜੂਨੀਅਰ ਏਸ਼ੀਆ ਹਾਕੀ ਕੱਪ 'ਚ 15 ਗੋਲਾਂ ਨਾਲ 'ਟਾਪ ਸਕੋਰਰ' ਨਾਮਜ਼ਦ ਹੋਣ ਵਾਲੇ ਹਰਮਨਪ੍ਰੀਤ ਸਿੰਘ ਨੂੰ ਗੋਲਡਕੋਸਟ ਕਾਮਨਵੈਲਥ ਹਾਕੀ ਅਤੇ ਵਿਸ਼ਵ ਹਾਕੀ ਕੱਪ ਭੁਵਨੇਸ਼ਵਰ-2018 ਤੇ ਵਿਸ਼ਵ ਹਾਕੀ ਕੱਪ ਭੁਵਨੇਸ਼ਵਰ-ਰੁੜਕੇਲਾ-2023 ਖੇਡਣ ਤੋਂ ਇਲਾਵਾ ਏਸ਼ੀਅਨ ਚੈਂਪੀਅਨਜ਼ ਹਾਕੀ ਟਰਾਫ਼ੀ ਮਸਕਟ-2018 'ਚ ਚੈਂਪੀਅਨ ਰਹੀ ਕੌਮੀ ਟੀਮ ਦੀ ਨੁਮਾਇੰਦਗੀ ਕਰਨ ਦਾ ਹੱਕ ਵੀ ਹਾਸਿਲ ਹੈ। ਹਾਕੀ ਇੰਡੀਆ ਲੀਗ ਦੇ 2014 ਤੋਂ 2016 ਦੇ ਤਿੰਨ ਅਡੀਸ਼ਨ ਖੇਡਣ ਲਈ ਡਰੈਗ ਫਲਿਕਰ ਹਰਮਨਪ੍ਰੀਤ ਸਿੰਘ ਵਲੋਂ ਦਬੰਗ ਮੁੰਬਈ ਟੀਮ ਦੇ ਫਰੈਂਚਾਇਜ਼ੀ ਨਾਲ 35 ਲੱਖ ਦਾ ਕੰਟਰੈਕਟ ਸਾਈਨ ਕੀਤਾ ਗਿਆ। ਵਿਸ਼ਵ ਹਾਕੀ ਦੇ ਮਹਾਨ ਡਿਫੈਂਡਰ ਹਰਮਨਪ੍ਰੀਤ ਸਿੰਘ ਨੂੰ ਤਿੰਨ ਵਾਰ ਓਲੰਪਿਕ ਹਾਕੀ ਖੇਡਣ ਦਾ ਮੌਕਾ ਨਸੀਬ ਹੋਇਆ।

ਰੀਓ-2016 ਓਲੰਪਿਕ ਹਾਕੀ ਖੇਡਣ ਵਾਲੇ ਹਰਮਨਪ੍ਰੀਤ ਸਿੰਘ ਨੂੰ ਕੌਮੀ ਹਾਕੀ ਟੀਮ ਦੇ ਚੋਣਕਾਰਾਂ ਵਲੋਂ ਟੋਕੀਓ-2020 ਓਲੰਪਿਕ 'ਚ ਟੀਮ ਦਾ ਉਪ-ਕਪਤਾਨ ਥਾਪਿਆ। ਕਪਤਾਨ ਮਨਪ੍ਰੀਤ ਸਿੰਘ ਪਵਾਰ ਦੀ ਅਗਵਾਈ 'ਚ ਕੌਮੀ ਹਾਕੀ ਟੀਮ ਨੇ 40 ਬਾਅਦ ਸੈਮੀਫਾਈਨਲ 'ਚ ਪਹੁੰਚ ਕੇ ਤਾਂਬੇ ਦਾ ਤਗਮਾ ਜਿੱਤਣ ਦਾ ਕਰਿਸ਼ਮਾ ਕੀਤਾ ਗਿਆ।

ਉਪ-ਕਪਤਾਨ ਹਰਮਨਪ੍ਰੀਤ ਸਿੰਘ ਨੇ ਟੋਕੀਓ ਓਲੰਪਿਕ 'ਚ 6 ਗੋਲ ਆਪਣੀ ਸਟਿਕ 'ਚ ਕੱਢਣ ਸਦਕਾ ਪਹਿਲਾਂ ਟੀਮ ਨੂੰ ਸੈਮੀਫਾਈਨਲ ਖੇਡਣ ਦੇ ਦਰ 'ਤੇ ਖੜ੍ਹਾ ਕੀਤਾ ਅਤੇ ਬਾਅਦ 'ਚ ਜਰਮਨੀ ਨਾਲ ਪੁਜ਼ੀਸ਼ਨਲ ਮੈਚ 'ਚ ਗੋਲ ਕਰਕੇ ਤਾਂਬੇ ਦਾ ਤਗਮਾ ਜਿਤਾਉਣ ਵਿਚ ਉਸ ਨੇ ਆਪਣਾ ਬਣਦਾ ਯੋਗਦਾਨ ਪਾਇਆ।

ਹਰਮਨਪ੍ਰੀਤ ਸਿੰਘ ਭਾਰਤ ਦਾ ਪਹਿਲਾ ਕਪਤਾਨ ਹੈ, ਜਿਸ ਵਲੋਂ ਏਸ਼ਿਆਈ ਖਿੱਤੇ ਦੇ ਤਿੰਨ ਵੱਡੇ ਹਾਕੀ ਟਾਈਟਲ ਦੇਸ਼ ਦੀ ਝੋਲੀ 'ਚ ਪਾਉਣ ਦਾ ਵੱਡਾ ਪਰਉਪਕਾਰ ਕੀਤਾ ਗਿਆ ਹੈ।

ਕੌਮਾਂਤਰੀ ਹਾਕੀ ਫੈਡਰੇਸ਼ਨ ਵਲੋਂ ਟੋਕੀਓ-2020 ਓਲੰਪਿਕ ਹਾਕੀ 'ਚ ਤਾਂਬੇ ਦਾ ਤਗਮਾ ਜੇਤੂ ਭਾਰਤੀ ਹਾਕੀ ਟੀਮ ਦੇ ਉਪ-ਕਪਤਾਨ ਹਰਮਨਪ੍ਰੀਤ ਸਿੰਘ ਨੂੰ 'ਬੈਸਟ ਪਲੇਅਰ ਆਫ ਯੀਅਰ-2021' ਅਵਾਰਡ ਦਿੱਤਾ ਹੈ। ਇੰਡੀਆ ਦੇ ਹਰਮਨਪ੍ਰੀਤ ਸਿੰਘ ਨੂੰ 52.11 ਵੋਟ ਜਦਕਿ ਦੂਜੀ ਪੁਜ਼ੀਸ਼ਨ ਹਾਸਿਲ ਕਰਨ ਵਾਲੇ ਬੈਲਜੀਅਮ ਦੇ ਵਿਸ਼ਵ ਪ੍ਰਸਿੱਧ ਡਰਿਕਸ ਨੂੰ 24.88 ਵੋਟਾਂ ਨਸੀਬ ਹੋਈਆਂ ਹਨ। ਆਸਟਰੇਲੀਆ ਦਾ ਏਰਨ ਜਲੇਸਕੀ 4.46 ਵੋਟਾਂ ਨਾਲ ਤੀਜੇ ਸਥਾਨ 'ਤੇ ਰਿਹਾ।

ਟੋਕੀਓ ਓਲੰਪਿਕ ਚੈਂਪੀਅਨ ਬੈਲਜੀਅਮ ਟੀਮ ਦੇ ਪੈਨਲਟੀ ਕਾਰਨਰ ਸਪੈਸ਼ਲਿਸਟ ਡਰਿਕਸ ਅਲੈਗਜ਼ੈਂਡਰ ਓਲੰਪਿਕ ਟੂਰਨਾਮੈਂਟ 'ਚ 14 ਗੋਲ ਸਕੋਰ ਕਰਨ ਸਦਕਾ 'ਟਾਪ ਸਕੋਰਰ' ਦੀ ਕੁਰਸੀ 'ਤੇ ਬਿਰਾਜਮਾਨ ਹੀ ਨਹੀਂ ਹੋਇਆ ਸਗੋਂ ਉਸ ਵਲੋਂ ਮਾਸਕੋ ਓਲੰਪਿਕ ਹਾਕੀ ਮੁਕਾਬਲੇ 'ਚ ਰਿਕਾਰਡ 14 ਗੋਲ ਦਾਗ਼ਣ ਵਾਲੇ ਭਾਰਤ ਦੇ ਸੁਰਿੰਦਰ ਸਿੰਘ ਸੋਢੀ ਦੀ ਬਰਾਬਰੀ ਵੀ ਕੀਤੀ ਜਦਕਿ ਤਾਂਬੇ ਦਾ ਤਗ਼ਮਾ ਹਾਸਿਲ ਕਰਨ ਵਾਲੇ ਇੰਡੀਅਨ ਹਾਕੀ ਟੀਮ ਦੇ ਹਰਮਨਪ੍ਰੀਤ ਸਿੰਘ ਵਲੋਂ ਟੋਕੀਓ ਓਲੰਪਿਕ 'ਚ 6 ਗੋਲ ਸਕੋਰ ਕੀਤੇ ਗਏ ਸਨ। ਕੌਮਾਂਤਰੀ ਹਾਕੀ ਫੈਡਰੇਸ਼ਨ (ਐਫਆਈਐਚ) ਵਲੋਂ ਹਾਕੀ ਦੇ ਸਿਤਾਰੇ ਹਰਮਨਪ੍ਰੀਤ ਨੂੰ ਸਾਲ-2024 ਲਈ ਵੀ 'ਬੈਸਟ ਪਲੇਅਰ ਆਫ ਦਿ ਯੀਅਰ' ਦੀ ਦੌੜ 'ਚ ਨਾਮਜ਼ਦ ਕੀਤਾ ਗਿਆ ਹੈ।

**-ਸੁਖਵਿੰਦਰਜੀਤ ਸਿੰਘ ਮਨੌਲੀ**

# ਨਿਊਜ਼ੀਲੈਂਡ 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਵਧੀ




**ਆਕਲੈਂਡ**: ਨਿਊਜ਼ੀਲੈਂਡ 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ।

ਨਿਊਜ਼ੀਲੈਂਡ ਵਸਦੇ ਭਾਰਤੀ ਹੁਣ ਤੀਜੇ ਨੰਬਰ ਉੱਤੇ ਆ ਗਏ ਹਨ ਤੇ ਇਨ੍ਹਾਂ ਦੀ ਗਿਣਤੀ 5.8 ਫ਼ੀਸਦੀ (292,092) ਹੈ ਜਦੋਂਕਿ ਪਹਿਲੇ ਨੰਬਰ ਉੱਤੇ ਯੂਰਪੀਅਨ ਲੋਕ 62.1 ਫ਼ੀਸਦੀ (30,99,858) ਦੂਜੇ ਨੰਬਰ 'ਤੇ ਮੂਲ ਨਿਵਾਸੀ ਮਾਓਰੀ ਲੋਕ 17.8 ਫ਼ੀਸਦੀ 8,87,493 ਤੀਜੇ ਨੰਬਰ 'ਤੇ ਭਾਰਤੀ, ਚੌਥੇ ਨੰਬਰ ਉੱਤੇ ਚਾਈਨੀਜ਼ (2,79,039) 5.6 ਫ਼ੀਸਦੀ ਅਤੇ ਪੰਜਵੇਂ ਨੰਬਰ 'ਤੇ ਸਾਮੋਅਨ 4.3 ਫ਼ੀਸਦੀ 2,13,069 ਲੋਕ ਨਿਊਜ਼ੀਲੈਂਡ 'ਚ ਵਸਦੇ ਹਨ।

ਨਿਊਜ਼ੀਲੈਂਡ 'ਚ ਇਸ ਸਮੇਂ 71.2 ਫ਼ੀਸਦੀ ਲੋਕ ਇਥੋਂ ਦੇ ਜਨਮੇ ਅਤੇ 28.8 ਫ਼ੀਸਦੀ ਲੋਕ ਦੁਨੀਆ ਦੇ ਹੋਰਨਾਂ ਦੇਸ਼ਾਂ 'ਚ ਜਨਮੇ ਹੋਏ ਹਨ। ਨਿਊਜ਼ੀਲੈਂਡ 'ਚ ਪੰਜਾਬੀ ਭਾਸ਼ਾ ਪਹਿਲਿਆਂ 10 ਜ਼ਿਆਦਾ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ 'ਚ ਆ ਗਈ ਹੈ।

ਇਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 'ਚ 45.1 ਫ਼ੀਸਦੀ ਦਾ ਵਾਧਾ ਹੋਇਆ ਹੈ ਅਤੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 9ਵੇਂ ਨੰਬਰ 'ਤੇ ਹੈ। ਇਸੇ ਤਰ੍ਹਾਂ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ 5ਵੇਂ ਨੰਬਰ 'ਤੇ ਹੈ।

# 'ਨੋਟਾ' ਨੇ ਦਸ ਸੀਟਾਂ ਤੋਂ ਕੇਜਰੀਵਾਲ ਹਰਾਇਆ

**ਚੰਡੀਗੜ੍ਹ**: ਹਰਿਆਣਾ ਚੋਣਾਂ ਵਿੱਚ 10 ਵਿਧਾਨ ਸਭਾ ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨਾਲੋਂ 'ਨੋਟਾ' ਨੂੰ ਵੱਧ ਵੋਟਾਂ ਮਿਲੀਆਂ ਹਨ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਹਰਿਆਣਾ ਜੱਦੀ ਸੂਬਾ ਹੈ, ਜਿੱਥੇ ਉਨ੍ਹਾਂ ਚੋਣਾਂ ਸਮੇਂ ਧੂੰਆਂਧਾਰ ਪ੍ਰਚਾਰ ਵੀ ਕੀਤਾ ਸੀ। ਉਨ੍ਹਾਂ ਨੇ ਜੇਲ੍ਹ ਵਿੱਚੋਂ ਬਾਹਰ ਆਉਣ ਮਗਰੋਂ ਚੋਣਾਂ ਦੀ ਕਮਾਨ ਆਪਣੇ ਹੱਥ ਲੈ ਲਈ ਸੀ ਅਤੇ ਦਰਜਨਾਂ ਅਸੈਂਬਲੀ ਹਲਕਿਆਂ ਵਿੱਚ ਰੋਡ ਸ਼ੋਅ ਵੀ ਕੀਤਾ ਸੀ। ਇਹ ਦੂਜੀ ਵਾਰ ਹੈ ਕਿ ਜਦੋਂ ਕੇਜਰੀਵਾਲ ਨੂੰ ਆਪਣੇ ਜੱਦੀ ਸੂਬੇ ਵਿੱਚੋਂ ਹੀ ਖ਼ਾਲੀ ਹੱਥ ਮੁੜਨਾ ਪਿਆ ਹੈ।

ਸਿਰਸਾ ਹਲਕੇ ਤੋਂ ਨੋਟਾ ਨੂੰ 1115 ਅਤੇ 'ਆਪ' ਉਮੀਦਵਾਰ ਸ਼ਿਆਮ ਸੁੰਦਰ ਨੂੰ 853 ਵੋਟਾਂ ਮਿਲੀਆਂ ਹਨ ਜਦੋਂਕਿ ਫ਼ਰੀਦਾਬਾਦ ਤੋਂ 'ਆਪ' ਦੇ ਪ੍ਰਵੇਸ਼ ਮਹਿਤਾ ਨੂੰ 926 ਅਤੇ ਨੋਟਾ ਨੂੰ 1025 ਵੋਟਾਂ ਮਿਲੀਆਂ। ਘਨੌਰ ਤੋਂ ਨੋਟਾ ਨੂੰ 230 ਤੇ 'ਆਪ' ਨੂੰ 174 ਵੋਟਾਂ ਪਈਆਂ ਹਨ।



ਹਲਕਾ ਨੂਹ 'ਚ ਨੋਟਾ ਨੂੰ 369 ਅਤੇ 'ਆਪ' ਉਮੀਦਵਾਰ ਨੂੰ 222 ਵੋਟਾਂ ਮਿਲੀਆਂ ਹਨ। ਫ਼ਿਰੋਜ਼ਪੁਰ ਝਿਰਕਾ, ਰਾਏ, ਹੋਦਲ, ਅਟੇਲੀ ਅਤੇ ਅੰਬਾਲਾ ਕੈਂਟ ਆਦਿ ਵਿੱਚ 'ਆਪ' ਉਮੀਦਵਾਰ ਨਾਲੋਂ ਨੋਟਾ ਅੱਗੇ ਰਿਹਾ। ਹਰਿਆਣਾ ਵਿੱਚ 'ਆਪ' ਵੱਲੋਂ 88 ਵਿਧਾਨ ਸਭਾ ਸੀਟਾਂ 'ਤੇ ਚੋਣ ਲੜੀ ਗਈ ਅਤੇ ਪੰਜਾਬ ਦੇ ਵਜ਼ੀਰ ਅਤੇ ਵਿਧਾਇਕ ਵੀ ਇੱਥੇ ਪ੍ਰਚਾਰ ਵਿੱਚ ਡਟੇ ਰਹੇ। ਜਗਾਧਰੀ ਤੋਂ 'ਆਪ' ਉਮੀਦਵਾਰ ਆਦਰਸ਼ਪਾਲ ਨੂੰ ਸਭ ਤੋਂ ਵੱਧ 43,813 ਵੋਟਾਂ ਪਈਆਂ ਹਨ।

ਜਿੱਥੇ 'ਆਪ' ਨੂੰ ਵੱਧ ਵੋਟਾਂ ਮਿਲੀਆਂ ਹਨ, ਉਨ੍ਹਾਂ 'ਚ ਭਿਵਾਨੀ ਤੋਂ 17,573, ਬਾਦਸ਼ਾਹਪੁਰ ਤੋਂ 12,943 ਅਤੇ ਰਿਵਾੜੀ ਤੋਂ 18,427 ਵੋਟਾਂ ਮਿਲੀਆਂ ਹਨ। ਸੂਬੇ ਵਿੱਚ 'ਆਪ' ਆਪਣਾ ਖਾਤਾ ਵੀ ਖੋਲ੍ਹ ਨਾ ਸਕੀ। ਸਿਰਫ਼ ਚੋਣਵੀਆਂ ਸੀਟਾਂ 'ਤੇ ਹੀ ਜ਼ਮਾਨਤ ਬਚ ਸਕੀ। 31 ਸੀਟਾਂ ਅਜਿਹੀਆਂ ਹਨ ਜਿੱਥੇ 'ਆਪ' ਨੂੰ ਹਜ਼ਾਰ ਤੋਂ ਘੱਟ ਵੋਟ ਪਈ। ਘਨੌਰ ਵਿੱਚ ਸਿਰਫ਼ 174 ਵੋਟਾਂ, ਹੋਦਲ ਵਿੱਚ 292 ਵੋਟਾਂ ਮਿਲੀਆਂ ਹਨ।

'ਆਪ' ਨੂੰ 21 ਸੀਟਾਂ 'ਤੇ ਹਜ਼ਾਰ ਤੋਂ ਦੋ ਹਜ਼ਾਰ ਤੱਕ ਵੋਟ ਪਈ, ਜਿਨ੍ਹਾਂ ਵਿੱਚ ਅੰਬਾਲਾ ਸਿਟੀ 'ਚ 1492 , ਮੁਲਾਨਾ ਵਿੱਚ 1071, ਬਰੋਦਾ ਵਿੱਚ 1286, ਕਲਾਨੌਰ 'ਚ 1062, ਸੋਨੀਪਤ 'ਚ 1200, ਯਮੁਨਾਨਗਰ ਵਿੱਚ 1655, ਇੰਦਰੀ ਵਿੱਚ 1483, ਪਾਣੀਪਤ ਦਿਹਾਤੀ ਵਿੱਚ 1682 ਅਤੇ ਮਹੇਂਦਰਗੜ੍ਹ ਵਿਚ 1740 ਵੋਟਾਂ ਮਿਲੀਆਂ ਹਨ। ਡੱਬਵਾਲੀ ਤੋਂ 6606, ਰਾਣੀਆਂ ਤੋਂ 4697, ਨਾਰਨੌਲ ਤੋਂ 6188, ਅਸੰਧ ਤੋਂ 4290, ਮਹਿਮ ਤੋਂ 8610, ਕਲਾਇਤ ਤੋਂ 5482 ਅਤੇ ਗੂਹਲਾ ਤੋਂ 4540 ਵੋਟਾਂ 'ਆਪ' ਉਮੀਦਵਾਰ ਦੇ ਹਿੱਸੇ ਆਈਆਂ ਹਨ।

# ਕੀ ਹੈ ਨਰਾਤਿਆਂ ਦਾ ਵਿਗਿਆਨਿਕ ਆਧਾਰ?

ਨਰਾਤੇ ਚੇਤ ਅਤੇ ਅੱਸੂ ਦੇ ਮਹੀਨਿਆਂ ਵਿਚ ਆਉਂਦੇ ਹਨ। ਨਵਰਾਤ ਸ਼ਬਦ ਦੋ ਸ਼ਬਦਾਂ ਦਾ ਜੋੜ ਹੈ-ਨਵ ਅਤੇ ਰਾਤਰ" ਨਵ ਦਾ ਅਰਥ ਨਵਾਂ ਵੀ ਹੁੰਦਾ ਹੈ ਤੇ ਨੌਂ ਵੀ ਮੰਨਿਆ ਜਾ ਸਕਦਾ।

ਰਾਤ ਦਾ ਅਰਥ ਹੈ - ਰਾਤ,ਤਾਦ੍ਰਿਸ਼ ਕਾਲ ਅਤੇ ਸਿਧੀਆਂ ਦਾ ਸੂਚਕ ਹੈ। ਮੌਸਮ ਸ਼ਾਦਲ ਬਸੰਤੀ ਸੰਵਤਸਰਾ ਚੇਤਰ ਸ਼ੁਕਲ ਪ੍ਰਤੀਪਦਾ ਤੋਂ ਅਤੇ ਨਕਸ਼ਤਰਮੂਲਕ ਸਰਦੀਆਂ ਸੰਵਤਸਰਾ ਅਸੂ ਸ਼ੁਕਲ ਪ੍ਰਤਿਪਤਾ ਤੋਂ ਸ਼ੁਰੂ ਹੁੰਦਾ ਹੈ। ਉੱਪਰ ਲਿਖੇ ਦੋਵਾਂ ਸੰਵਤਸਰਾਂ ਦੇ ਆਉਣ ਵਾਲੇ ਨੌਂ ਦਿਨ ਨਰਾਤਿਆਂ ਦੇ ਨਾਂ ਨਾਲ ਪ੍ਰਸਿੱਧ ਹਨ। ਜੇਕਰ ਇਨ੍ਹਾਂ ਨਰਾਤਿਆਂ ਬਾਰੇ ਅਧਿਐਨ ਕਰੀਏ ਤਾਂ ਸਾਡੇ ਸਾਰੇ ਸਾਲ ਵਿਚ ਦੋ ਹੀ ਮੌਸਮ ਖ਼ਾਸ ਤੌਰ 'ਤੇ ਮੌਜੂਦ ਹਨ (ਉਵੇਂ ਤਾਂ ਭਾਵੇਂ ਛੇ ਮੌਸਮ ਹੁੰਦੇ ਹਨ) ਸਰਦੀ ਅਤੇ ਗਰਮੀ। ਇਹ ਨਰਾਤੇ ਸਾਲ ਵਿਚ ਦੋ ਵਾਰ ਆਉਂਦੇ ਹਨ ਅਤੇ ਇਹ ਦੋ ਮੌਸਮਾਂ ਦਾ ਸੰਧੀ ਕਾਲ ਹੀ ਹੁੰਦਾ ਹੈ। ਜਦ ਚੇਤ ਦੇ ਨਰਾਤੇ ਆਉਂਦੇ ਹਨ ਤਾਂ ਸਾਨੂੰ ਕੜਕਦੀ ਸਰਦੀ ਤੋਂ ਰਾਹਤ ਮਿਲਦੀ ਹੈ। ਜਦੋਂ ਅੱਸੂ ਦੇ ਨਰਾਤੇ ਹੁੰਦੇ ਤਾਂ ਸਾਨੂੰ ਭਿਆਨਕ ਗਰਮੀ ਤੋਂ ਰਾਹਤ ਮਿਲਦੀ ਹੈ। ਮੌਸਮ ਦਾ ਅਸਰ ਸੰਸਾਰ ਦੇ ਰੁੱਖਾਂ, ਬੂਟਿਆਂ, ਬਨਸਪਤੀ, ਪਾਣੀ,ਅਸਮਾਨ ਅਤੇ ਵਾਯੂਮੰਡਲ 'ਤੇ ਤਾਂ ਪੈਂਦਾ ਹੀ ਹੈ, ਸਾਡੀ ਸਿਹਤ 'ਤੇ ਵੀ ਇਨ੍ਹਾਂ ਦਾ ਡੂੰਘਾ ਅਸਰ ਪੈਂਦਾ ਹੈ। ਚੇਤ ਵਿਚ ਗਰਮੀ ਸ਼ੁਰੂ ਹੋਣ ਤੋਂ ਪਿਛਲੇ ਕਈ ਮਹੀਨਿਆਂ ਤੋਂ ਜੰਮਿਆ ਖ਼ੂਨ ਉਬਲਣਾ ਸ਼ੁਰੂ ਹੋ ਜਾਂਦਾ ਹੈ।




ਖ਼ੂਨ ਹੀ ਨਹੀਂ ਸਾਡੇ ਸਰੀਰ ਨੂੰ ਧਾਰਨ ਕਰਨ ਵਾਲੇ ਤਿੰਨ ਦੋਸ਼ ਵਾਤ, ਕਫ,ਪਿੱਤ ਇਨ੍ਹਾਂ ਤਿੰਨਾਂ 'ਤੇ ਵੀ ਡੂੰਘਾ ਅਸਰ ਹੁੰਦਾ ਹੈ। ਆਯੁਰਵੈਦ ਵਿਚ ਕਿਹਾ ਗਿਆ ਕਿ ਵਾਤ, ਕਫ,ਪਿੱਤ ਸਾਡੇ ਸਰੀਰ ਵਿਚ ਬਰਾਬਰ ਮਾਤਰਾ ਵਿਚ ਹੁੰਦੇ ਹਨ ਤਾਂ ਸਾਡਾ ਸਰੀਰ ਦਾ ਨਿਰੋਗ ਹੁੰਦਾ ਹੈ। ਜੇਕਰ ਇਹ ਮਾੜੀ ਹਾਲਤ ਵਿਚ ਹੋਣ ਤਾਂ ਸਾਨੂੰ ਬਿਮਾਰੀਆਂ ਲੱਗ ਜਾਂਦੀਆਂ ਹਨ। ਇਸ ਲਈ ਤਾਂ ਚੇਤ ਤੇ ਅੱਸੂ ਤੋਂ ਪਹਿਲਾਂ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਮਨੁੱਖ ਨੂੰ ਘੇਰ ਲੈਂਦੀਆਂ ਹਨ। ਨਿਸ਼ਚਿਤ ਆਹਾਰ ਵਿਹਾਰ ਨਾਲ ਇਹ ਵਾਤ,ਕਫ,ਪਿੱਤ ਸਮਾਨ ਹਾਲਤ ਵਿਚ ਆ ਜਾਂਦੇ ਹਨ।

ਉਨ੍ਹਾਂ ਨੂੰ ਸਮਾਨ ਹਾਲਾਤ ਵਿਚ ਲਿਆਉਣ ਲਈ ਨੌਂ ਦਿਨਾਂ ਵਿਚ ਪਹਿਲੇ ਤਿੰਨ ਦਿਨ ਵਾਤ, ਅਗਲੇ ਤਿੰਨ ਦਿਨ ਪਿੱਤ, ਆਖ਼ਰੀ ਤਿੰਨ ਦਿਨ ਕਫ। ਜਦੋਂ ਅਸੀਂ ਵਰਤ ਰੱਖਦੇ ਹਾਂ ਤਾਂ ਇਹ ਦੋਸ਼ ਖ਼ਤਮ ਹੁੰਦੇ ਹਨ ਕਿਉਂਕਿ ਵਰਤ ਕਰਕੇ ਪੇਟ ਖ਼ਾਲੀ ਹੁੰਦਾ ਹੈ ਅਤੇ ਪੇਟ ਦੀ ਅੱਗ ਨੂੰ ਪਚਾਉਣ ਲਈ ਕੁਝ ਨਾ ਕੁਝ ਤਾਂ ਚਾਹੀਦਾ ਹੁੰਦਾ ਹੈ। ਜਦ ਵਧੇ ਹੋਏ ਵਾਤ, ਪਿੱਤ, ਕਫ਼ ਪੇਟ ਵਿਚ ਆ ਕੇ ਸੜਦੇ ਹਨ ਤਾਂ ਇਹ ਦੋਸ਼ ਹੀ ਨਹੀਂ ਪੈਦਾਸਗੋਂ ,ਇਨ੍ਹਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਵੀ ਖ਼ਤਮ ਹੋ ਜਾਂਦੀਆਂ ਹਨ। ਉਨ੍ਹਾਂ ਨਾਲ ਜੋ ਊਰਜਾ ਹੁੰਦੀ ਹੈ ਉਹ ਸਾਨੂੰ ਵਰਤ ਵਿਚ ਕਮਜ਼ੋਰੀ ਮਹਿਸੂਸ ਨਹੀਂ ਹੋਣ ਦਿੰਦੀ ਤੇ ਸਾਡਾ ਸਰੀਰ ਅਗਲੇ ਛੇ ਮਹੀਨੇ ਗਰਮੀ ਜਾਂ ਸਰਦੀ ਸਹਿਣ ਲਈ ਸਮਰੱਥ ਹੋ ਜਾਂਦਾ ਹੈ। ਨਰਾਤਿਆਂ ਦਾ ਆਉਣਾ ਅਗਲੇ 6, ਮਹੀਨੇ ਸਰੀਰ ਦੀ ਨਿਰੋਗ ਲਈ ਤਿਆਰੀ ਹੈ। ਜਿਵੇਂ ਕਿਸਾਨ ਹਾੜੀ ਅਤੇ ਸਾਉਣੀ ਦੀ ਫ਼ਸਲ ਨੂੰ ਬੀਜਣ ਤੋਂ ਪਹਿਲਾਂ ਖੇਤ ਦੀ ਤਿਆਰੀ ਕਰਦਾ ਹੈ ਜਿਸ ਨਾਲ ਕਿ ਉਸ ਦੀ ਫ਼ਸਲ ਦੀ ਪੈਦਾਵਾਰ ਚੰਗੀ ਤੇ ਸਿਹਤਮੰਦ ਹੋਵੇ। ਇਸ ਲਈ ਸਾਡੇ ਰਿਸ਼ੀਆਂ ਨੇ ਇਨ੍ਹਾਂ ਮਹੀਨਿਆਂ ਵਿਚ ਸਰੀਰ ਨੂੰ ਪੂਰੀ ਤਰ੍ਹਾਂ ਸਿਹਤਮੰਦ ਰੱਖਣ ਲਈ ਨੌਂ ਦਿਨ ਦੇ ਵਰਤ ਦਾ ਖ਼ਾਸ ਤੌਰ 'ਤੇ ਉਲੇਖ ਕੀਤਾ ਹੈ।

# ਪੰਜਾਬੀ ਦੇ ਸਰਬੋਤਮ ਪੁਸਤਕ ਪੁਰਸਕਾਰ ਐਲਾਨੇ

**ਪਟਿਆਲਾ** : ਭਾਸ਼ਾ ਵਿਭਾਗ ਵੱਲੋਂ ਸਾਲ 2023 ਦੇ ਵੱਖ-ਵੱਖ ਵੰਨਗੀਆਂ ਨਾਲ ਸਬੰਧਤ 10 ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸਬੰਧੀ ਡਾਇਰੈਕਟਰ, ਭਾਸ਼ਾ ਵਿਭਾਗ ਜਸਵੰਤ ਸਿੰਘ ਜ਼ਫ਼ਰ, ਨੇ ਦੱਸਿਆ ਕਿ ਇਹ ਪੁਰਸਕਾਰ ਨਵੰਬਰ 2024 ਦੇ ਪਹਿਲੇ ਹਫ਼ਤੇ ਪੰਜਾਬੀ ਮਾਹ ਦੇ ਰਾਜ ਪੱਧਰੀ ਉਦਘਾਟਨੀ ਸਮਾਗਮ ਦੌਰਾਨ ਪ੍ਰਦਾਨ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਇਹ ਰਾਜ ਪੱਧਰੀ ਸਮਾਗਮ ਭਾਸ਼ਾ ਭਵਨ, ਪਟਿਆਲਾ ਵਿਖੇ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜੇਤੂਆਂ ਨੂੰ ਇਸ ਪੁਰਸਕਾਰ 'ਚ ਇਨਾਮੀ ਰਾਸ਼ੀ ਦੇ ਨਾਲ-ਨਾਲ ਇਕ ਪਲੇਕ ਅਤੇ ਸ਼ਾਲ ਭੇਂਟ ਕੀਤੀ ਜਾਵੇਗੀ।

ਸਾਲ 2023 ਨਾਲ ਸਬੰਧਤ ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਤਹਿਤ ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਪੁਰਸਕਾਰ (ਕਵਿਤਾ) ਲਖਵਿੰਦਰ ਜੌਹਲ ਦੀ ਪੁਸਤਕ "ਪਾਣੀ ਹੋਏ ਵਿਚਾਰ' ਨੂੰ, ਨਾਨਕ ਸਿੰਘ ਪੁਰਸਕਾਰ (ਨਾਵਲ) ਲੇਖਕ ਅਜ਼ੀਜ਼ ਸਰੋਏ ਦੀ ਪੁਸਤਕ "ਆਪਣੇ ਲੋਕ' ਨੂੰ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ/ਸਫ਼ਰਨਾਮਾ) ਬਲਦੇਵ ਸਿੰਘ ਧਾਲੀਵਾਲ ਦੀ ਪੁਸਤਕ 'ਕੰਜ-ਕੁਆਰੀ ਧਰਤੀ (ਪੁਡੂਚੇਰੀ ਅਤੇ ਅੰਡੇਮਾਨ ਦੇ ਟਾਪੂਆਂ ਦਾ ਸਫ਼ਰ)' ਨੂੰ, ਭਾਈ ਵੀਰ ਸਿੰਘ ਪੁਰਸਕਾਰ (ਜੀਵਨੀ) ਟੀਕਾਕਾਰੀ/ਕੋਸ਼ਕਾਰੀ) ਰਾਕੇਸ਼ ਕੁਮਾਰ ਦੀ ਪੁਸਤਕ 'ਕ੍ਰਾਂਤੀਕਾਰੀ ਸ਼ੇਰ ਜੰਗ ਸ਼ੇਰਾਂ ਵਰਗਾ ਸ਼ੇਰ ਨੂੰ, ਡਾ. ਅਤਰ ਸਿੰਘ ਪੁਰਸਕਾਰ ਡਾ. ਸਰਵਨ ਸਿੰਘ ਪਰਦੇਸੀ ਦੀ ਪੁਸਤਕ 'ਸੂਫ਼ੀ ਲਹਿਰ ਦਾ ਸਮਾਜਕ ਮਾਡਲ (ਖੁੱਲ੍ਹੀਆਂ ਅੱਖਾਂ ਦੇ ਸੁਪਨੇ)' ਨੂੰ, ਪ੍ਰਿੰਸੀਪਲ ਤੇਜਾ ਸਿੰਘ ਪੁਰਸਕਾਰ (ਸੰਪਾਦਨ) ਹਰਦੀਪ ਬਾਵਾ ਦੀ ਪੁਸਤਕ 'ਨਾ ਨਰ ਨਾ ਨਾਰੀ ਨੂੰ, ਡਾ.ਐੱਮ. ਐੱਸ. ਰੰਧਾਵਾ ਪੁਰਸਕਾਰ (ਗਿਆਨ ਸਾਹਿਤ) ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਵਾਸੂ ਦੀ ਪੁਸਤਕ 'ਗੁਰਮਤਿ ਸੰਪੂਰਨ ਜੀਵਨ ਦਾ ਮਾਰਗ ਨੂੰ, ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ (ਬਾਲ ਸਾਹਿਤ), ਸਿਮਰਤ ਸੁਮੇਰਾ ਦੀ ਪੁਸਤਕ 'ਸੁਨਹਿਰੀ ਟਾਪੂ (ਬਾਲ ਕਥਾ) ਨੂੰ, ਪ੍ਰੋ. ਗੁਰਦਿਆਲ ਸਿੰਘ ਪੁਰਸਕਾਰ (ਅਨੁਵਾਦ) ਬੂਟਾ ਸਿੰਘ ਚੌਹਾਨ ਦੀ ਪੁਸਤਕ 'ਚੋਰ ਉਚੱਕੇ (ਮਰਾਠੀ ਲੇਖਕ ਲਕਸ਼ਮਣ ਗਾਇਕਵਾੜਦੀ ਸਵੈ-ਜੀਵਨੀ) ਨੂੰ ਅਤੇ ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ (ਵਿਆਕਰਣ ਭਾਸ਼ਾ ਵਿਗਿਆਨ/ਹਵਾਲਾ ਗ੍ਰੰਥ) ਨਿਹਾਲ ਸਿੰਘ ਮਾਨ ਦੀ ਪੁਸਤਕ 'ਗੁਰਬਾਣੀ ਲਿਪੀ ਗੁੱਝੇ ਭੇਦ' ਨੂੰ ਪ੍ਰਦਾਨ ਕੀਤੇ ਜਾਣਗੇ।

REAL PLUMBING
EMERGENCY SERVICE
7 DAYS A WEEK

FAST SERVICE
HOT WATER TANKS
SOLD - SERVICED
AND REMOVED
ਕਿਸੇ ਵੀ ਤਰ੍ਹਾਂ ਦੀ ਪਲਬਿੰਗ ਦੀ ਪ੍ਰੋਬਲਮ ਹੈ
ਤਾਂ ਫੋਨ ਕਰੋ
ਸਤਵਿੰਦਰ ਰੀਹਲ
Satwinder Reehal
604-327-5096

RIGHTWAY
PAINTING LTD.
ਵਧੀਆ ਕੰਮ-ਵਾਜਿਬ ਕੀਮਤ
Commercial & Residential
GENERAL PAINT
THE PAINT EXPERTS
QUALITY WORKMANSHIP
- Stucco Painting
- Driveway Sealing,
- Power Washing,
- Repaint Job
ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਵੀਰ ਭੰਡਾਲ ਨੂੰ ਫੋਨ ਕਰੋ
JASVIR BHANDAL
604-834-4335 <> 604-581-5759

# 8 ਮਹੀਨੇ ਬੀਤੇ ਨਹੀਂ ਬਣੀ ਐੱਨਆਰਆਈ ਸਭਾ ਦੀ ਕਾਰਜਕਾਰਨੀ ਕਮੇਟੀ

**ਜਲੰਧਰ:** ਐੱਨਆਰਆਈ ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਹੋਈ ਨੂੰ 8 ਮਹੀਨੇ ਬੀਤ ਚੁੱਕੇ ਹਨ ਪਰ ਹਾਲੇ ਤਕ ਸਭਾ ਦਾ ਕੰਮ ਸਹੀ ਢੰਗ ਨਾਲ ਚਲਾਉਣ ਲਈ ਕਾਰਜਕਾਰਨੀ ਕਮੇਟੀ ਦਾ ਗਠਨ ਨਹੀਂ ਹੋ ਸਕਿਆ। ਕਾਰਜਕਾਰਨੀ ਕਮੇਟੀ ਨਾ ਹੋਣ ਕਾਰਨ ਸਭਾ ਦੀ ਪ੍ਰਧਾਨ ਲਈ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਤੇ ਸਭਾ ਦੀਆਂ ਯੋਜਨਾਵਾਂ ਨੂੰ ਲਾਗੂ ਕਰਨਾ ਸੰਭਵ ਨਹੀਂ ਹੈ। ਇਸ ਲਈ ਸਭਾ ਦਾ ਕੰਮ-ਕਾਜ ਪ੍ਰਭਾਵਿਤ ਹੋ ਰਿਹਾ ਹੈ ਪਰ ਨਾ ਤਾਂ ਸਭਾ ਦੇ ਪ੍ਰਬੰਧਕਾਂ ਤੇ ਨਾ ਹੀ ਸੂਬੇ ਦੇ ਐੱਨਆਰਆਈਜ਼ ਮਾਮਲੇ ਵਿਭਾਗ ਵੱਲੋਂ ਇਸ ਪਾਸੇ ਕੋਈ ਧਿਆਨ ਦਿੱਤਾ ਜਾ ਰਿਹਾ ਹੈ। ਕਾਰਜਕਾਰਨੀ ਕਮੇਟੀ ਦੀ ਅਣਹੋਂਦ ਕਾਰਨ ਐੱਨਆਰਆਈ ਸਭਾ ਦੇ ਦਫ਼ਤਰ ’ਚ ਆਉਣ ਵਾਲੇ ਪਰਵਾਸੀ ਪੰਜਾਬੀਆਂ ਨੂੰ ਨਿਰਾਸ਼ ਹੋ ਕੇ ਪਰਤਣਾ ਪੈਂਦਾ ਹੈ ਕਿਉਂਕਿ ਸਭਾ ਦੀ ਪ੍ਰਧਾਨ ਇਕੱਲੇ ਤੌਰ ’ਤੇ ਬਹੁਤੇ ਕੰਮ ਨਹੀਂ ਕਰ ਸਕਦੀ।

ਦੱਸਣਯੋਗ ਹੈ ਕਿ ਐੱਨਆਰਆਈ ਸਭਾ ਦੇ ਪ੍ਰਧਾਨ ਦੀ ਚੋਣ ਲਈ ਇਸ ਸਾਲ ਦੇ ਸ਼ੁਰੂ ’ਚ 5 ਜਨਵਰੀ ਨੂੰ ਵੋਟਾਂ ਪਈਆਂ ਸਨ। ਪ੍ਰਧਾਨਗੀ ਅਹੁਦੇ ਲਈ ਤਿੰਨ ਉਮੀਦਵਾਰਾਂ ਵਿਚਾਲੇ ਮੁਕਾਬਲਾ ਸੀ ਜਿਨ੍ਹਾਂ ’ਚ ਸਾਬਕਾ ਪ੍ਰਧਾਨ ਜਸਬੀਰ ਸਿੰਘ ਗਿੱਲ ਤੇ ਕਮਲਜੀਤ ਸਿੰਘ ਹੇਅਰ ਤੋਂ ਇਲਾਵਾ ਆਸਟ੍ਰੇਲੀਆ ਤੋਂ ਐੱਨਆਰਆਈ ਪਰਵਿੰਦਰ ਕੌਰ ਬੰਗਾ ਸ਼ਾਮਲ ਸਨ। ਪਰਵਿੰਦਰ ਕੌਰ ਨੇ ਵਿਰੋਧੀ ਉਮੀਦਵਾਰਾਂ ਦੇ ਮੁਕਾਬਲੇ ਵੱਧ ਵੋਟਾਂ ਲੈ ਕੇ ਪ੍ਰਧਾਨਗੀ ਦੀ ਚੋਣ ਜਿੱਤ ਸੀ। ਇਸ ਦੇ ਨਾਲ ਹੀ ਸਭਾ ਦੇ ਇਤਿਹਾਸ ’ਚ ਉਨ੍ਹਾਂ ਨੂੰ ਪਹਿਲੀ ਮਹਿਲਾ ਪ੍ਰਧਾਨ ਬਣਨ ਦਾ ਮਾਣ ਹਾਸਲ ਹੋਇਆ ਸੀ।

**ਪ੍ਰਧਾਨ ਦਾ ਕਾਰਜਕਾਲ ਸਵਾ ਸਾਲ ਦਾ ਹੀ ਬਚਿਆ:**




ਸਭਾ ਦੇ ਸੰਵਿਧਾਨ ਅਨੁਸਾਰ ਪ੍ਰਧਾਨ ਦਾ ਕਾਰਜਕਾਲ ਦੋ ਸਾਲ ਦਾ ਹੁੰਦਾ ਹੈ। ਇਸ ਤਰ੍ਹਾਂ 5 ਜਨਵਰੀ ਨੂੰ ਪ੍ਰਧਾਨ ਬਣੀ ਪਰਵਿੰਦਰ ਕੌਰ ਬੰਗਾ ਦੇ ਕਾਰਜਕਾਲ ਦਾ ਸਵਾ ਸਾਲ ਹੀ ਬਚਿਆ ਹੈ ਪਰ ਹਾਲੇ ਤਕ ਕਾਰਜਕਾਰਨੀ ਕਮੇਟੀ ਦਾ ਗਠਨ ਨਹੀਂ ਹੋ ਸਕਿਆ। ਹਾਲਾਂਕਿ ਨਵੀਂ ਪ੍ਰਧਾਨ ਪਿਛਲੇ 8 ਮਹੀਨਿਆਂ ਤੋਂ ਸਭਾ ਦੀ ਕਾਰਗੁਜ਼ਾਰੀ ਸੁਧਾਰਨ ਤੇ ਐੱਨਆਰਆਈ ਨਾਲ ਰਾਬਤਾ ਕਾਇਮ ਕਰਨ ਵਾਸਤੇ ਸਰਗਰਮੀ ਨਾਲ ਕੰਮ ਕਰ ਰਹੀ ਹੈ। ਉਹ ਸਭਾ ਦੇ ਪਲਟੇਫਾਰਮ ਨੂੰ ਵਿਸ਼ਵ ਭਰ ’ਚ ਬੈਠੇ ਪਰਵਾਸੀ ਪੰਜਾਬੀਆਂ ਤੇ ਪੰਜਾਬ ਵਿਚਾਲੇ ਪੁਲ ਦਾ ਕੰਮ ਕਰਨ ਲਈ ਸਖ਼ਤ ਮਿਹਨਤ ਕਰ ਰਹੀ ਹੈ।

**ਐੱਨਆਰਆਈ ਸਭਾ ਪੰਜਾਬ ਦੇ ਹੁਣ ਤੱਕ ਬਣੇ ਪ੍ਰਧਾਨ:**

1996 ਦੌਰਾਨ ਹੋਂਦ ਵਿਚ ਆਈ ਐੱਨਆਰਆਈ ਸਭਾ ਦੇ ਪਹਿਲੇ ਪ੍ਰਧਾਨ ਦੀ ਚੋਣ 1997 ਵਿਚ ਕੀਤੀ ਗਈ ਜਿਸ ਵਿਚ ਐਡਵੋਕੇਟ ਪ੍ਰੇਮ ਸਿੰਘ ਪ੍ਰਧਾਨ ਚੁਣੇ ਗਏ ਸਨ, ਜਿਹੜੇ 1999 ਤੱਕ ਪ੍ਰਧਾਨ ਰਹੇ। ਉਨ੍ਹਾਂ ਤੋਂ ਬਾਅਦ ਗਿਆਨੀ ਰੇਸ਼ਮ ਸਿੰਘ ਹੇਅਰ 2000 ਤੋਂ 2002 ਤਕ ਪ੍ਰਧਾਨ ਰਹੇ, ਫਿਰ ਪ੍ਰੀਤਮ ਸਿੰਘ ਨਾਰੰਗਪੁਰ 2002 ਤੋਂ 2004 ਤੱਕ ਪ੍ਰਧਾਨ ਰਹੇ ਅਤੇ 2006 ਤੋਂ 2008 ਤੱਕ ਗਿਆਨੀ ਰੇਸ਼ਮ ਸਿੰਘ ਮੁੜ ਪ੍ਰਧਾਨ ਬਣੇ। ਸਭਾ ਦੇ ਪੰਜਵੇਂ ਪ੍ਰਧਾਨ ਕਮਲਜੀਤ ਸਿੰਘ ਹੇਅਰ ਚੁਣੇ ਗਏ, ਜਿਹੜੇ ਕਿ ਪਹਿਲਾਂ 2008 ਤੋਂ 2010 ਅਤੇ ਫਿਰ 2010 ਤੋਂ 2012 ਤੱਕ ਸਭਾ ਦੇ ਪ੍ਰਧਾਨ ਰਹੇ। ਉਨ੍ਹਾਂ ਤੋਂ ਬਾਅਦ ਜਸਬੀਰ ਸਿੰਘ ਗਿੱਲ ਸਭਾ ਦੇ 7ਵੇਂ ਪ੍ਰਧਾਨ ਬਣੇ, ਜਿਹੜੇ ਕਿ 2013 ਵਿਚ ਚੁਣੇ ਗਏ ਅਤੇ ਉਨ੍ਹਾਂ ਦਾ ਕਾਰਜਕਾਲ 27 ਜਨਵਰੀ 2015 ਨੂੰ ਖਤਮ ਹੋ ਗਿਆ। ਉਸ ਤੋਂ ਬਾਅਦ ਸਭਾ ਦੀ ਚੋਣ ਨਹੀਂ ਕਰਵਾਈ ਗਈ। ਕਰੀਬ ਪੰਜ ਸਾਲ ਬਾਅਦ ਸਭਾ ਦੇ ਪ੍ਰਧਾਨ ਲਈ ਹੋਈ ਚੋਣ ਦੌਰਾਨ 7 ਮਾਰਚ 2020 ਨੂੰ ਯੂਐੱਸਏ ਦੇ ਐੱਨਆਰਆਈ ਕਿਰਪਾਲ ਸਿੰਘ ਸਹੋਤਾ ਪ੍ਰਧਾਨ ਬਣੇ ਸਨ। ਕਿਰਪਾਲ ਸਿੰਘ ਸਹੋਤਾ ਸਭਾ ਦੇ ਪ੍ਰਧਾਨ ਤਾਂ ਚੁਣੇ ਗਏ ਪਰ ਇਨ੍ਹਾਂ ਦੋ ਸਾਲਾਂ ਦੌਰਾਨ ਸਭਾ ਵਿਚ ਨਾ ਤਾਂ ਕੋਈ ਸਰਗਰਮੀ ਹੀ ਹੋਈ ਤੇ ਨਾ ਹੀ ਉਹ ਜ਼ਿਲ੍ਹਾ ਇਕਾਈਆਂ ਦੀਆਂ ਚੋਣਾਂ ਕਰਵਾ ਸਕੇ। ਆਪਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਉਹ ਜ਼ਿਆਦਾਤਰ ਅਮਰੀਕਾ ’ਚ ਹੀ ਰਹੇ। 6 ਮਾਰਚ 2022 ਨੂੰ ਸਹੋਤਾ ਦਾ ਕਾਰਜਕਾਲ ਖਤਮ ਹੋ ਗਿਆ ਤੇ ਕਰੀਬ ਦੋ ਸਾਲਾਂ ਦੇ ਗਾਇਬ ਤੋਂ ਬਾਅਦ ਇਸ ਸਾਲ 5 ਜਨਵਰੀ ਨੂੰ ਹੋਈਆਂ ਚੋਣਾਂ ਦੌਰਾਨ ਆਸਟ੍ਰੇਲੀਆ ਵਾਸੀ ਪਰਵਿੰਦਰ ਕੌਰ ਬੰਗਾ ਪ੍ਰਧਾਨ ਬਣੀ।


**ਵਿਭਾਗ ਨੂੰ ਕਾਰਜਕਾਰਨੀ ਕਮੇਟੀ ਬਣਾਉਣ ਲਈ ਫਾਈਲ ਭੇਜੀ ਹੋਈ ਹੈ : ਪ੍ਰਧਾਨ**

ਐੱਨਆਰਆਈ ਸਭਾ ਦੀ ਪ੍ਰਧਾਨ ਪਰਵਿੰਦਰ ਕੌਰ ਬੰਗਾ ਦਾ ਕਹਿਣਾ ਹੈ ਕਿ ਉਹ ਆਪਣੀ ਚੋਣ ਹੋਣ ਤੋਂ ਬਾਅਦ ਲਗਾਤਾਰ ਸਭਾ ਦੇ ਕੰਮਕਾਜ ’ਚ ਸੁਧਾਰ ਕਰਨ ਅਤੇ ਪਰਵਾਸੀ ਪੰਜਾਬੀਆਂ ਨੂੰ ਆਪਣੀ ਜਨਮ ਭੂਮੀ ਦੀ ਤਰੱਕੀ ’ਚ ਯੋਗਦਾਨ ਪਾਉਣ ਲਈ ਲਈ ਯਤਨਸ਼ੀਲ ਹਨ। ਉਨ੍ਹਾਂ ਦੱਸਿਆ ਕਿ ਸਭਾ ਵੱਲੋਂ ਐੱਨਆਰਆਈਜ਼ ਮਾਮਲੇ ਪੰਜਾਬ ਨੂੰ ਕਾਰਜਕਾਰਨੀ ਕਮੇਟੀ ਦਾ ਗਠਨ ਕਰਨ ਲਈ ਮਨਜ਼ੂਰੀ ਵਾਸਤੇ ਫਾਈਲ ਭੇਜੀ ਜਾ ਚੁੱਕੀ ਹੈ।

**ਪ੍ਰਕਿਰਿਆ ਅਧੀਨ ਹੈ, ਜਲਦ ਹੋਵੇਗਾ ਗਠਨ : ਸਭਰਵਾਲ:**

ਡਵੀਜ਼ਨਲ ਕਮਿਸ਼ਨਰ ਪ੍ਰਦੀਪ ਸਭਰਵਾਲ ਜੋ ਕਿ ਐੱਨਆਰਆਈ ਸਭਾ ਪੰਜਾਬ ਦੇ ਚੇਅਰਮੈਨ ਹਨ, ਦਾ ਕਹਿਣਾ ਹੈ ਕਿ ਕਾਰਜਕਾਰਨੀ ਕਮੇਟੀ ਦੇ ਗਠਨ ਦੀ ਪ੍ਰਕਿਰਿਆ ਚੱਲ ਰਹੀ ਹੈ ਤੇ ਜਲਦ ਹੀ ਇਸ ਦਾ ਗਠਨ ਕਰ ਦਿੱਤਾ ਜਾਵੇਗਾ।

Chic
Chic Chicken
Fresh & Tasty!
WITH INDIAN STREET FOOD



kulcha Chana - Samosa Chaat - Gol gappa
Hot Gulab Jamun - Vada Pav- Burger - Wraps -Soft Taco

1386 Kingsway, Vancouver, BC V5V 3E4
For Order Call: (604) 503-3143

# Employment Opportunity

## Media Relations Coordinators [NOC 11202]

Thind Motion Films Pvt. Ltd., located at 700-4211 Kingsway, Burnaby, B.C. V5H 1Z6, Canada, is seeking a Full Time Position for two [2] Media Relations Coordinators [NOC 11202] .

This is a permanent, full-time position which offers various shifts with 40 hours' work per week depending on schedule.

Location of work: Primary work location will be at 700-4211 Kingsway, Burnaby, B.C. V5H 1Z6, Canada.

The positions are available immediately.

## Job Description

- Strategize marketing and promotion for motion films and other projects based on project;
- Develop marketing plans and content for online [digital] marketing and offline media campaigns;
- Develop, handle and monitor social media accounts for promotion of project and prepare reports based on audience response;
- Maintain long term relations with media channels and to negotiate competitive deals for promotional activities;
- Development and management of organizations advertising and promotion budget for projects;
- Arrange press conferences and briefings and to be the organization's media liaison and formal spokesperson.

## Employment Requirements

- Formal education: post-secondary education is required;
- Serve as the organization's media liaison and formal spokesperson.
- Previous experience in project promotions;
- Critical thinker with strong conceptual and research skills.
- Ability to work under pressure and meet deadlines.
- Ability to work independently and as part of a team.
- Excellent interpersonal, verbal and writing skills.
- Meticulous, dependable and possess team motivational skills.

## Location of work:

The primary work location will be at 700-4211 Kingsway, Burnaby, B.C. V5H 1Z6, Canada.

The positions are available immediately.

**Please email resumes to** *thind10084@gmail.com* and qualified candidates will be contacted.

This position is open to Newcomers to Canada, Visible Minorities and Indigenous Persons.

Thind Motion Films Pvt. Ltd., located at 700-4211 Kingsway, Burnaby, B.C. V5H 1Z6, Canada, is seeking a Full Time Position for two [2] Media Relations Coordinators [NOC 11202].

This is a permanent, full-time position that offers various shifts with 40 hours of work per week depending on schedule.

# ਇਸ਼ਕ ਮੁਸ਼ਕ

## ਪਿਆਰ ’ਚ ‘ਸ਼ਰਤ’ ਨੂੰ ਕੋਈ ਤਾਂ ਨਹੀਂ: ਸ਼ੋਭਿਤਾ



ਸ਼ੋਭਿਤਾ ਧੁਲੀਪਾਲਾ ਨੇ ਇਸ ਸਾਲ ਅਗਸਤ ’ਚ ਸਾਊਥ ਸੁਪਰਸਟਾਰ ਨਾਗਾ ਚੈਤੰਨਯ ਨਾਲ ਮੰਗਣੀ ਕੀਤੀ ਸੀ। ਅਧਿਕਾਰਤ ਤੌਰ ’ਤੇ ਤੋਂ ਵਿਆਹ ਕਰਨ ਪਹਿਲਾਂ ਜੋੜੇ ਨੇ ਦੋ ਸਾਲ ਤੱਕ ਡੇਟ ਕੀਤੀ।

ਸ਼ੋਭਿਤਾ ਨੇ ਹਾਲ ਹੀ ’ਚ ਇਕ ਇੰਟਰਵਿਊ ’ਚ ਪਿਆਰ ਅਤੇ ਰਿਸ਼ਤਿਆਂ ਬਾਰੇ ਖੁੱਲ੍ਹ ਕੇ ਗੱਲ ਕੀਤੀ ਅਤੇ ਦੱਸਿਆ ਕਿ ਉਸ ਦੀਆਂ ਭਾਵਨਾਵਾਂ ਕਿਸੇ ਵਿਅਕਤੀ ਦੇ ਕੰਮਾਂ ‘ਤੇ ਕਿਉਂ ਨਿਰਭਰ ਕਿਉਂ ਨਹੀਂ ਹੋਣਗੀਆਂ। ਉਹ ਪਿਆਰ ਵਿਚ ‘ਸ਼ਰਤਾਂ ਵਿਚ ਵਿਸ਼ਵਾਸ ਨਹੀਂ ਕਰਦੀ। ਇੰਨਾ ਹੀ ਨਹੀਂ, ਉਹ ‘ਪਰਿਭਾਸ਼ਾਵਾਂ’ ਵਿਚ ਵੀ ਵਿਸ਼ਵਾਸ ਨਹੀਂ ਰੱਖਦੀ।

ਜਦੋਂ ਗੱਲ ਪਿਆਰ ਦੀ ਆਉਂਦੀ ਹੈ ਤਾਂ ਮੈਂ ਕਿਸੇ ਤਰ੍ਹਾਂ ਦੀਆਂ ਸ਼ਰਤਾਂ ਤੈਅ ਕਰਨੀਆਂ ਪਸੰਦ ਨਹੀਂ ਕਰਦੀ। ਉਸ ਨੇ ਕਿਹਾ ਕਿ ਉਸ ਦੇ ਲਈ, ਆਪਣੇ ਸਾਥੀ ’ਤੇ ਭਰੋਸਾ ਕਰਨ ਦਾ ਇਹੀ ਮਤਲਬ ਹੈ ਅਤੇ ਉਹ ਪਿਆਰ ਨੂੰ ਸ਼ਰਤਾਂ ‘ਤੇ ਨਿਰਭਰ ਨਹੀਂ ਮੰਨਦੀ।“ ਸ਼ੋਭਿਤਾ ਹਾਲ ਹੀ ’ਚ ਫਿਲਮ ਲਵ ਸਿਤਾਰਾ’ ਵਿਚ ਨਜ਼ਰ ਆਈ ਸੀ।

## INSTA UPDATE



### ਕੈਲੀ ਜੈਨਰ ਦਾ ਕਾਤਿਲਾਨਾ ਅੰਦਾਜ਼

## ਸ਼ਿਬਾਨੀ ਦਾਂਡੇਕਰ ਨੇ ਦੱਸੇ ‘ਕਡਲ ਥੈਰੇਪੀ’ ਦੇ ਫਾਇਦੇ



ਸਿਬਾਨੀ ਦਾਂਡੇਕਰ ਨੂੰ ਮਿਲਣ ਤੋਂ ਪਹਿਲਾਂ ਫਰਹਾਨ ਅਖਤਰ ਅਧੁਨਾ ਕੁਬਾਨੀ ਦੇ ਨਾਲ ਵਿਆਹੁਤਾ ਰਿਸ਼ਤੇ ‘ਚ ਸੀ, ਜਿਸ ਤੋਂ ਉਨ੍ਹਾਂ ਦੀਆਂ ਦੋ ਬੇਟੀਆਂ ਸ਼ਾਕਯ ਅਤੇ ਅਕੀਰਾ ਹਨ।ਹਾਲਾਂਕਿ ਅਧੁਨਾ ਤੋਂ ਵੱਖ ਹੋਣ ਤੋਂ ਬਾਅਦ ਫਰਹਾਨ ਨੂੰ ਦੂਸਰੀ ਵਾਰ ਪਿਆਰ ਸ਼ਿਬਾਨੀ ਦਾਂਡੇਕਰ ਦੇ ਰੂਪ ‘ਚ ਮਿਲਿਆ।ਦੋਵਾਂ ਨੇ ਕਈ ਸਾਲਾਂ ਤਕ ਇਕ ਦੂਸਰੇ ਨੂੰ ਡੇਟ ਕੀਤਾ ਅਤੇ 2022 ‘ਚ ਇਕ ਦੂਜੇ ਦੇ ਹੋ ਗਏ। ਦੋਵਾਂ ਨੇ ਈਸਾਈ ਰੀਤੀ-ਰਿਵਾਜ਼ ਨਾਲ ਵਿਆਹ ਕੀਤਾ ਸੀ। ਵਿਆਹ ਦੋ ਸਾਲ ਬਾਅਦ ਇੰਡੀਅਨ ਆਸਟ੍ਰੇਲੀਅਨ ਸਿੰਗਰ, ਐਕਪ੍ਰੈੱਸ ਅਤੇ ਹੋਸਟ ਸ਼ਿਬਾਨੀ ਨੇ ਖੁਲਾਸਾ ਕੀਤਾ ਹੈ ਕਿ ਆਖਿਰ ਕਿਉਂ ਉਹ ਅਤੇ ਫਰਹਾਨ ਵਿਆਹ ਦੇ ਦੋ ਦਿਨ ਬਾਅਦ ਹੀ ਥੈਰੇਪਿਸਟ ਦੇ ਕੋਲ ‘ਕਪਲ ਥੈਰੇਪੀ’ ਲੈਣ ਗਏ ਸਨ। ਦਰਅਸਲ, ਫਰਹਾਨ ਅਤੇ ਸ਼ਿਬਾਨੀ ਨੇ ਆਪਣੀ ਜ਼ਿੰਦਗੀ ਦਾ ਨਵਾਂ ਚੈਪਟਰ ਸ਼ੁਰੂ ਕਰਨ ਤੋਂ ਪਹਿਲਾਂ ‘ਕਪਲ ਥੈਰੇਪੀ’ ਲਈ ਸੀ। ਦੋਵਾਂ ਨੇ ਵਿਆਹ ਤੋਂ ਪਹਿਲਾਂ 6 ਮਹੀਨੇ ਤਕ ਥੈਰੇਪੀ ਲਈ । ਇਹੀ ਨਹੀਂ, ਵਿਆਹ ਦੇ ਦੋ ਦਿਨ ਬਾਅਦ ਹੀ ਦੋਵੇਂ ਥੈਰੇਪਿਸਟ ਕੋਲ ਪਹੁੰਚ ਗਏ ਸਨ, ਜਿਸ ਤੋਂ ਉਹ ਵੀ ਹੈਰਾਨ ਰਹਿ ਗਈ ਸੀ। ਸ਼ਿਬਾਨੀ ਨੇ ਕਿਹਾ, “ਮੈਨੂੰ ਲੱਗਦਾ ਹੈ ਕਿ ਅਸੀਂ ਮੰਗਣੀ ਤੋਂ ਛੇ ਮਹੀਨੇ ਪਹਿਲਾਂ ਜਾਂ ਉਸ ਤੋਂ ਬਾਅਦ ‘ਕਪਲ ਥੈਰੇਪੀ’ ਸ਼ੁਰੂ ਕੀਤੀ ਸੀ।

ਇਸ ‘ਚ ਅਜਿਹਾ ਨਹੀਂ ਸੀ ਕਿ ਕੋਈ ਇਕ ਵਿਅਕਤੀ ਕਿਸੇ ਦੂਸਰੇ ਨੂੰ ਇਸ ਦੇ ਲਈ ਮਨਾ ਰਿਹਾ ਹੈ। ਅਜਿਹਾ ਲੱਗ ਰਿਹਾ ਸੀ ਕਿ ਇਹ ਇਕ ਸਮਝਦਾਰੀ ਭਰਿਆ ਕੰਮ ਹੈ। ਸਾਡਾ ਵਿਆਹ ਸੋਮਵਾਰ ਨੂੰ ਹੋਇਆ। ਅਸੀਂ ਸੋਮਵਾਰ ਨੂੰ ਹੀ ਸਾਈਨਿੰਗ ਕੀਤੀ ਅਤੇ ਸਾਡੀ ਅਗਲੀ ਸ਼ੈਡਿਊਲਡ ਅਪਾਇੰਟਮੈਂਟ ਬੁੱਧਵਾਰ ਨੂੰ ਸੀ। ਮੈਨੂੰ ਯਾਦ ਹੈ ਕਿ ਜਦੋਂ ਅਸੀਂ ਅੰਦਰ ਗਏ ਤਾਂ ਸਾਡੇ ਥੈਰੇਪਿਸਟ ਨੇ ਕਿਹਾ- ਤੁਸੀਂ ਲੋਕ ਇਥੇ ਕਿਉਂ ਹੋ ? ਤੁਹਾਡਾ ਵਿਆਹ ਤਾਂ 24 ਘੰਟੇ ਪਹਿਲਾਂ ਹੀ ਹੋਇਆ ਸੀ ?”

ਸ਼ਿਬਾਨੀ ਨੇ ਦੱਸਿਆ ਕਿ ਥੈਰੇਪੀ ਲੈਣਾ ਉਸ ਦੇ ਅਤੇ ਫਰਹਾਨ ਦੇ ਰਿਸ਼ਤੇ ‘ਚ ਬਹੁਤ ਜ਼ਰੂਰੀ ਸੀ। ਹੁਣ ਉਹ ਜਿੰਮ ਵਾਂਗ ਥੈਰੇਪੀ ਸੈਸ਼ਨ ‘ਤੇ ਵੀ ਜਾਂਦੇ ਹਨ ਅਤੇ ਇਹ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ।ਦੋਵੇਂ ਬਸ ਬੁੱਧਵਾਰ ਦੀ ਉਡੀਕ ਕਰਦੇ ਹਨ, , ਤਾਂਕਿ ਆਪਣੀ ਥੈਰੇਪੀ ਲੈ ਸਕਣ।

## ਹੀਰੋ ਮੇਰੇ ‘ਬੈਡਰੂਮ’ ’ਚ ਆਉਣਾ ਚਾਹੁੰਦਾ ਸੀ: ਸ਼ੇਰਾਵਤ



ਮੱਲਿਕਾ ਸ਼ੇਰਾਵਤ 7 ਸਾਲ ਬਾਅਦ ਬਾਲੀਵੁੱਡ ’ਚ ਵਾਪਸੀ ਕਰ ਰਹੀ ਹੈ, ਉਹ ਵੀ ਕਾਮੇਡੀ ’ਚ।ਉਹ ਫਿਲਮ ‘ਵਿੱਕੀ ਵਿਦਿਆ ਕਾ ਵੋਹ ਵਾਲਾ ਵੀਡੀਓ’ ’ਚ ਨਜ਼ਰ ਆਉਣ ਵਾਲੀ ਹੈ।

ਮੱਲਿਕਾ ਨੇ ਇਕ ਇੰਟਰਵਿਊ ’ਚ ਹੀਰੋ ‘ਤੇ ਹਰਾਸਮੈਂਟ ਦਾ ਦੋਸ਼ ਲਗਾਇਆ ਹੈ।ਉਸ ਦਾ ਕਹਿਣਾ ਹੈ ਕਿ ਇਕ ਹੀ ਅੱਧੀ ਰਾਤ ਨੂੰ ਉਸ ਦੇ ਬੈੱਡਰੂਮ ਵਿਚ ਆਉਣ ਦੀ ਕੋਸ਼ਿਸ਼ ਕਰਦਾ ਸੀ। ਅਜਿਹਾ ਇਕ ਕਾਮੇਡੀ ਫਿਲਮ ਦੀ ਸ਼ੂਟਿੰਗ ਦੌਰਾਨ ਹੋਇਆ ਸੀ।

ਦੁਬਈ ‘ਚ ਸੀ ਸ਼ੂਟਿੰਗ ਮੱਲਿਕਾ ਨੇ ਕਿਹਾ, ‘ਮੈਂ ਦੁਬਈ ‘ਚ ਇਕ ਵੱਡੀ ਫਿਲਮ ਦੀ ਸ਼ੂਟਿੰਗ ਕਰ ਰਹੀ ਸੀ, ਜੋ ਮਲਟੀਸਟਾਰ ਸੀ। ਇਹ ਸੁਪਰਹਿੱਟ ਫਿਲਮ ਰਹੀ ਅਤੇ ਲੋਕਾਂ ਨੇ ਇਸ ਨੂੰ ਕਾਫੀ ਪਸੰਦ ਕੀਤਾ ਸੀ। ਮੈਂ ਇਸ ਵਿਚ ਕਾਮੇਡੀ ਰੋਲ ਕੀਤਾ ਸੀ। “ ਉਸ ਫਿਲਮ ਦਾ ਹੀਰੋ ਰਾਤ ਦੇ 12 ਵਜੇ ਮੇਰੇ ਬੈੱਡਰੂਮ ਦਾ ਦਰਵਾਜ਼ਾ ਖੜਕਾਉਂਦਾ ਸੀ।ਉਹ ਵੀ ਇਸ ਤਰ੍ਹਾਂ ਕਿ ਮੈਨੂੰ ਲੱਗਦਾ ਸੀ ਕਿ ਉਹ ਦਰਵਾਜ਼ਾ ਤੋੜ ਦੇਵੇਗਾ, ਕਿਉਂਕਿ ਉਹ ਮੇਰੇ ਬੈੱਡਰੂਮ ਵਿਚ ਆਉਣਾ ਚਾਹੁੰਦਾ ਸੀ, ਉਸ ਤੋਂ ਬਾਅਦ ਉਸ ਹੀਰੋ ਨੇ ਮੇਰੇ ਨਾਲ ਕਦੇ ਕੰਮ ਨਹੀਂ ਕੀਤਾ।”

## ਪਤਨੀ ਦੇ ਪ੍ਰੇਮ ਸਬੰਧਾਂ ਤੋਂ ਦੁਖੀ ਵਿਅਕਤੀ ਨੇ ਕੀਤੀ ਖੁਦਕੁਸ਼ੀ



ਮੋਗਾ ਜ਼ਿਲੇ ਦੇ ਪਿੰਡ ਜਨੇਰ ਨਿਵਾਸੀ ਸੁਖਚੈਨ ਸਿੰਘ ਚੈਨਾ, ਜੋ 7 ਭੈਣਾਂ ਦਾ ਇਕਲੌਤਾ ਭਰਾ ਸੀ, ਵਲੋਂ ਆਪਣੀ ਪਤਨੀ ਦੇ ਪ੍ਰੇਮ ਸਬੰਧਾਂ ਤੋਂ ਤੰਗ ਆ ਕੇ ਫਾਹਾ ਲਾ ਕੇ ਖੁਦਕੁਸ਼ੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਮ੍ਰਿਤਕ ਦੀ ਮਾਤਾ ਸਵਰਨ ਕੌਰ ਨਿਵਾਸੀ ਪਿੰਡ ਜਨੇਰ ਦੇ ਬਿਆਨਾਂ ‘ਤੇ ਉਸ ਦੀ ਨੂੰਹ ਜਸਪ੍ਰੀਤ ਉਰਫ ਸਪਨਾ ਅਤੇ ਉਸ ਦੇ ਕਥਿਤ ਪ੍ਰੇਮੀ ਲਵਪ੍ਰੀਤ ਸਿੰਘ ਦੋਨੋਂ ਨਿਵਾਸੀ ਪਿੰਡ ਜਨੇਰ, ਸੱਸ ਵੀਰਪਾਲ ਕੌਰ ਨਿਵਾਸੀ ਬਿਸ਼ਨੰਦੀ ਅਤੇ ਨਾਨੀ ਸੈਂਸ ਰਾਣੀ ਕੌਰ ਨਿਵਾਸੀ ਜੈਤੋ ਖ਼ਿਲਾਫ਼ ਥਾਣਾ ਕੋਟ ਈਸੇ ਖਾਂ ਵਿ ਖੁਦਕੁਸ਼ੀ ਲਈ ਮਜਬੂਰ ਕੀਤੇ ਜਾਣ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਸਵਰਨ ਕੌਰ ਨੇ ਕਿਹਾ ਕਿ ਉਸ ਦੇ ਬੇਟੇ ਸੁਖਚੈਨ ਸਿੰਘ ਉਰਫ ਚੈਨਾ ਦਾ ਵਿਆਹ ਕਰੀਬ 6 ਸਾਲ ਪਹਿਲਾਂ ਸਪਨਾ ਉਰਫ ਜਸਪ੍ਰੀਤ ਕੌਰ ਨਿਵਾਸੀ ਬਿਸ਼ਨੰਦੀ ਦੇ ਨਾਲ ਹੋਇਆ ਸੀ, ਜਿਨ੍ਹਾਂ ਦਾ ਇਕ ਚਾਰ ਸਾਲ ਦਾ ਬੇਟਾ ਪ੍ਰਭਦੀਪ ਸਿੰਘ ਹੈ। ਮੇਰੀ ਨੂੰਹ ਜਸਪ੍ਰੀਤ ਕੌਰ ਉਰਫ ਸਪਨਾ ਦੇ ਇਕ ਨੌਜਵਾਨ ਲਵਪ੍ਰੀਤ ਸਿੰਘ ਦੇ ਨਾਲ ਨਾਜਾਇਜ਼ ਸਬੰਧ ਹਨ।

ਅਸੀਂ ਪਿੰਡ ਦੇ ਮੋਹਤਬਰ ਵਿਅਕਤੀਆਂ ਦੇ ਰਾਹੀਂ ਵੀ ਮੇਰੀ ਨੂੰਹ ਅਤੇ ਲਵਪ੍ਰੀਤ ਸਿੰਘ ਨੂੰ ਸਮਝਾਉਣ ਦਾ ਯਤਨ ਕੀਤਾ। ਅਸੀਂ ਮੇਰੀ ਨੂੰਹ ਦੀ ਮਾਤਾ ਵੀਰਪਾਲ ਕੌਰ ਨੂੰ ਇਸ ਸਬੰਧ ਵਿਚ ਦੱਸਿਆ ਤਾਂ ਉਹ ਸਾਡੇ ਘਰ ਆਪਣੀ ਮਾਂ ਨੂੰ ਲੈ ਕੇ ਆਈ ਅਤੇ ਆਪਣੀ ਬੇਟੀ ਨੂੰ ਸਮਝਾਉਣ ਦੀ ਬਜਾਏ ਮੇਰੇ ਪੋਤਰੇ ਪ੍ਰਭਦੀਪ ਸਿੰਘ ਸਮੇਤ ਪਿੰਡ ਬਿਸ਼ਨੰਦੀ ਲੈ ਗਈ। ਇਸ ਗੱਲ ਨੂੰ ਲੈ ਕੇ ਮੇਰਾ ਬੇਟਾ ਬਹੁਤ ਪ੍ਰੇਸ਼ਾਨ ਰਹਿੰਦਾ ਸੀ। ਉਸ ਨੇ ਆਪਣੇ ਘਰ ਵਿਚ ਹੀ ਗਲੇ ਵਿਚ ਚੁੰਨੀ ਪਾ ਕੇ ਖੁਦਕੁਸ਼ੀ ਕਰ ਲਈ।

# ਪੰਜਾਬੀ ਗਾਇਕੀ 'ਚ ਔਰਤ ਦੀ ਬੇਅਦਬੀ



ਵਰਤਮਾਨਕ ਪੰਜਾਬੀ ਗਾਇਕੀ 'ਚ ਪੇਸ਼ ਹੋ ਰਹੀ ਔਰਤ ਦੀ ਇਹ ਕੁਹਜੀ ਤਸਵੀਰ ਸਮਾਜਿਕ ਦੁਰਵਿਹਾਰ ਪੈਦਾ ਕਰਨ ਵਾਲੀ ਹੈ। ਸਮਾਜ 'ਚ ਔਰਤ ਨੂੰ ਪੂਜ ਮੰਨਦਿਆਂ ਹਰ ਧਰਮ ਤੇ ਵਰਗ ਇਸ ਦੀ ਸ਼ਾਲੀਨਤਾ ਤੇ ਉੱਚਤਾ ਕਾਰਨ ਉਸ ਨੂੰ ਉੱਚ ਦਰਜੇ ਦਾ ਧਾਰਨੀ ਮੰਨਦਾ ਹੈ। ਹਿੰਦੂ ਧਰਮ 'ਚ ਕੰਜਕ ਪੂਜਣ ਤੇ ਦੇਵੀ ਪੂਜਣ ਰਾਹੀਂ ਇਸ ਨੂੰ ਮੁਖਾਤਿਬ ਹੋਇਆ ਜਾਂਦਾ ਹੈ।

ਅੱਜ ਔਰਤ ਸਾਡੇ ਸਮਾਜ 'ਚ ਬੜੀ ਤੇਜ਼ੀ ਨਾਲ ਉੱਚ ਦਰਜੇ ਦੀ ਧਾਰਨੀ ਬਣ ਰਹੀ ਹੈ। ਪੁਰਾਣੇ ਸਮੇਂ 'ਚ ਔਰਤ ਨੂੰ ਮਰਦ ਆਪਣੀ ਇੱਛਾ ਪੂਰਤੀ ਤੇ ਲੋੜ ਪੂਰਤੀ ਲਈ ਵਰਤਦਾ ਰਿਹਾ ਹੈ। ਆਦਿ-ਕਾਲ ਭਾਰਤੀ ਸਮਾਜ 'ਚ ਭਾਵੇਂ ਔਰਤ ਨੂੰ ਮਰਦ ਦੀ ਬਰਾਬਰੀ ਦਾ ਹੱਕ ਪ੍ਰਾਪਤ ਸੀ ਪਰ ਭਾਰਤ 'ਚ ਮੁਸਲਮਾਨਾਂ ਦੇ ਪ੍ਰਵੇਸ਼ ਨਾਲ ਹੌਲੀ-ਹੌਲੀ ਉਨ੍ਹਾਂ ਦਾ ਸਨਮਾਨ ਘਟਦਾ ਗਿਆ। ਸ਼ਾਇਦ ਇਸੇ ਲਈ ਸੰਸਕ੍ਰਿਤ ਤੇ ਹਿੰਦੀ ਵਿੱਚ 'ਨਰ' ਦੀ ਬਰਾਬਰਤਾ ਦਾ ਜਿਹੜਾ ਸੂਚਕ ਸ਼ਬਦ 'ਨਾਰੀ' ਵਰਤਿਆ ਜਾਂਦਾ ਸੀ, ਉਹ ਮੁਸਲਮਾਨਾਂ ਦੇ ਆਉਣ ਨਾਲ 'ਔਰਤ' ਜਾਂ ਅਉਰਤ' ਵਿਚ ਤਬਦੀਲ ਹੋ ਗਿਆ, ਜਿਸ ਦਾ ਅਰਥ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਹੈ, 'ਲੁਕਾ ਕੇ ਰੱਖਣ ਲਾਇਕ ਵਸਤੂ'।


**ਗਾਇਕੀ 'ਚ ਅਸ਼ਲੀਲਤਾ ਦੀ ਪ੍ਰਧਾਨਤਾ:** ਅਫ਼ਸੋਸਨਾਕ ਗੱਲ ਹੈ ਕਿ ਅਜੋਕੀ ਪੰਜਾਬੀ ਗਾਇਕੀ 'ਚ ਔਰਤ ਬੜੀ ਨਿਘਾਰਮਈ ਸਥਿਤੀ 'ਚ ਪੇਸ਼ ਹੋ ਰਹੀ ਹੈ। ਸਮਾਜਿਕ ਰੂਪ ਵਿਚ ਇਸਤਰੀ ਭਾਵੇਂ ਮਾਂ, ਭੈਣ, ਪਤਨੀ, ਧੀ, ਚਾਚੀ, ਤਾਈ, ਮਾਸੀ, ਦਾਦੀ, ਨਾਨੀ ਆਦਿ ਰੂਪਾਂ ਵਿਚ ਹੁੰਦੀ ਹੈ ਤੇ ਆਪਣੇ ਵੱਖ-ਵੱਖ ਰੂਪਾਂ 'ਚ ਪਰਿਵਾਰ ਅਤੇ ਸਮਾਜ ਨੂੰ ਥੰਮਣ ਦਾ ਕਾਰਜ ਬੜੇ ਸੁਯੋਗ ਤੇ ਸੁਚੱਜੇ ਢੰਗ ਨਾਲ ਨਿਭਾਉਂਦੀ ਹੈ ਪਰ ਅੱਜ-ਕੱਲ੍ਹ ਦੀ ਪੰਜਾਬੀ ਗਾਇਕੀ ਵਿਚ ਉਸ ਦਾ ਕੇਵਲ ਪ੍ਰੇਮਿਕਾ ਵਾਲਾ ਰੂਪ ਹੀ ਵੇਖਣ ਨੂੰ ਮਿਲਦਾ ਹੈ। ਪੰਜਾਬੀ ਗਾਇਕੀ ਦੇ ਵਰਤਮਾਨ 'ਚ ਵਿਖਾਇਆ ਜਾਣ ਵਾਲਾ ਨਾਰੀ ਦਾ ਇਹ ਰੂਪ ਹਵਸ ਤੇ ਅਸ਼ਲੀਲਤਾ ਨਾਲ ਲਬਰੇਜ਼ ਵਿਖਾਇਆ ਜਾਂਦਾ ਹੈ। ਗੀਤਕਾਰ ਤੇ ਗਾਇਕ ਉਸ ਦੀ ਸਰੀਰਕ ਸੁੰਦਰਤਾ ਤੇ ਸਰੀਰ ਦੇ ਵੱਖ-ਵੱਖ ਅੰਗਾਂ ਦਾ ਮਾਪ ਦੱਸਦਿਆਂ ਆਪਣੇ ਸ਼ਾਬਦਿਕ ਵਰਣਨ ਰਾਹੀਂ ਉਸ ਨੂੰ ਕੇਵਲ ਮਾਤਰ ਦਿਖਾਵੇ ਦੀ ਵਸਤੂ ਬਣਾ ਕੇ ਪੇਸ਼ ਕਰਦੇ ਹਨ। ਵਧੇਰੇ ਕਰਕੇ ਪੰਜਾਬੀ ਗੀਤਾਂ 'ਚ ਔਰਤ ਦੀ ਸਰੀਰਕ ਸੁੰਦਰਤਾ ਦਾ ਤਾਅਲੁਕ ਵੀ ਸਿਰਫ਼ ਉਸ ਦੇ ਲੱਕ, ਅੱਖਾਂ ਤੇ ਵੱਖ-ਵੱਖ ਸਰੀਰਕ ਅੰਗਾਂ ਦੀ ਸੁੰਦਰਤਾ ਤਕ ਸੀਮਤ ਰਹਿੰਦਾ ਹੈ। ਨੰਗੇਜ਼, ਪੰਜਾਬੀ ਗਾਇਕੀ ਦਾ ਅਹਿਮ ਪਹਿਲੂ ਬਣ ਚੁੱਕਿਆ ਹੈ। ਗਾਣਿਆਂ 'ਚ ਤਾਂ ਔਰਤ ਵਿਖਾਵਾ ਮਾਤਰ ਬਣ ਕੇ ਰਹਿ ਗਈ ਹੈ।

**ਸਮਾਜਿਕ ਰਿਸ਼ਤਿਆਂ ਨੂੰ ਕੀਤਾ ਬਦਨਾਮ:** ਸਮਾਜਿਕ ਉਲਾਰ ਨੂੰ ਪੇਸ਼ ਕਰਦਿਆਂ ਇਹ ਗਾਇਕ ਸਮਾਜਿਕ ਰਿਸ਼ਤਿਆਂ ਨੂੰ ਵੀ ਬਦਨਾਮ ਕਰਨ ਤੋਂ ਪਿੱਛੇ ਨਹੀਂ ਹਟਦੇ। ਇਹ ਗਾਇਕ ਮਾਡਲ ਕੁੜੀ ਲਈ ਰਕਾਣ, ਵੈਲਣ, ਪਟੋਲਾ, ਫੱਤੋ, ਸੈਂਪਲ, ਟੋਟਾ, ਯੈਂਕਣ ਅਤੇ ਪਤਾ ਨਹੀਂ ਹੋਰ ਕਿਹੜੇ-ਕਿਹੜੇ ਅਪਸ਼ਬਦ ਵਰਤਦੇ ਹਨ। ਔਰਤ ਨੂੰ ਭੰਡਣ ਵੇਲੇ ਇਹ ਗਾਇਕ 'ਜਣੇ-ਖਣੇ ਨੂੰ ਯਾਰ ਬਣਾਈ ਫਿਰਦੀ', ਜਿੰਨੇ ਗੱਲ ਦੀ ਗਾਨੀ ਦੇ ਮਣਕੇ, ਨੀ ਓਨੇ ਤੇਰੇ ਯਾਰ ਵੈਰਨੇ ਆਦਿ ਤੁੱਕਾਂ ਵਰਤ ਕੇ ਸਮੁੱਚੀ ਔਰਤ ਜਾਤੀ ਨੂੰ ਨਿੰਦਿਆ ਦਾ ਪਾਤਰ ਬਣਾ ਦਿੰਦੇ ਹਨ। ਗਾਇਕ ਜਦੋਂ ਇਹ ਆਖਦਾ ਹੈ ਕਿ 'ਸਾਡੀ ਮਾਂ ਨੂੰ ਪੁੱਤ ਨੀ ਲੱਭਣੇ' ਤਾਂ ਇਕ ਪਾਸੇ ਤਾਂ ਉਹ ਪੁੱਤਰ ਧਰਮ ਨਿਭਾਉਣ ਦਾ ਅਖੌਤੀ ਵਿਖਾਵਾ ਕਰਦਾ ਹੈ ਅਤੇ ਨਾਲ ਹੀ ਦੂਜੇ ਪਾਸੇ ਉਹ ਇਕ ਇਕ ਔਰਤ ਦੀ ਕਿਰਦਾਰਕੁਸ਼ੀ ਕਰਦਿਆਂ 'ਤੈਨੂੰ ਯਾਰ ਬਥੇਰੇ' ਵੀ ਆਖਦਾ ਹੈ। ਔਰਤ ਦੇ ਅਕਸ ਨੂੰ ਢਾਹ ਲਾਉਣ ਵਾਲਾ ਇਹ ਬਖਾਣ ਵਰਤਮਾਨਕ ਪੰਜਾਬੀ ਸਮਾਜ ਨੂੰ ਵੀ ਕਲੰਕਿਤ ਕਰ ਰਿਹਾ ਹੈ। ਇਸ ਮਾਨਸਿਕ ਅਸੰਤੁਲਨ ਦੀ ਹੱਦ ਤਾਂ ਉਦੋਂ ਹੋ ਜਾਂਦੀ ਹੈ, ਜਦੋਂ ਪੰਜਾਬੀ ਗਾਣਿਆਂ ਵਿਚ ਮਾਡਲ ਕੁੜੀ ਨੂੰ ਸਿਗਰਟ, ਸ਼ਰਾਬ ਦਾ ਸੇਵਨ ਕਰਦਿਆਂ ਦਿਖਾਇਆ ਜਾਂਦਾ ਹੈ ਅਤੇ ਗਾਇਕ 'ਪੀ-ਪੀ ਵਿਸਕੀ ਕੁੜੀ ਦਾ ਰੰਗ ਲਾਲ ਹੋ ਗਿਆ' ਵਰਗੇ ਬੋਲਾਂ ਨਾਲ ਆਮ ਲੋਕਾਂ ਨੂੰ ਭਰਮਾਉਂਦਾ ਹੈ। ਇਹ ਗਾਇਕ ਆਪਣੇ ਗਾਣਿਆਂ ਰਾਹੀਂ ਇਸਤਰੀ ਨੂੰ ਬਹੁ-ਮੰਤਵੀ ਪੇਸ਼ ਕਰਦਿਆਂ (ਉਸ ਦੀਆਂ ਮਜਬੂਰੀਆਂ ਨੂੰ ਅੱਖੋਂ ਓਹਲੇ ਕਰ ਕੇ) 'ਕਬੂਤਰੀ' ਆਖ ਕੇ ਇਸ ਤਰ੍ਹਾਂ ਪੇਸ਼ ਕਰਦੇ ਹਨ, ਜਿਵੇਂ ਉਨ੍ਹਾਂ ਦੇ ਰਿਸ਼ਤੇ ਵਿਚ ਆਉਣ ਵਾਲੀਆਂ ਸਾਰੀਆਂ ਅੜਚਨਾਂ ਲਈ ਸਾਰਾ ਦੋਸ਼ ਕੇਵਲ ਉਸ ਦਾ ਹੀ ਹੈ।

**ਔਰਤ ਦਾ ਚਿਤਰਣ:** ਵਰਤਮਾਨਕ ਪੰਜਾਬੀ ਗਾਇਕੀ 'ਚ ਪੇਸ਼ ਹੋ ਰਹੀ ਔਰਤ ਦੀ ਇਹ ਕੁਹਜੀ ਤਸਵੀਰ ਸਮਾਜਿਕ ਦੁਰਵਿਹਾਰ ਪੈਦਾ ਕਰਨ ਵਾਲੀ ਹੈ। ਸਮਾਜ 'ਚ ਔਰਤ ਨੂੰ ਪੂਜ ਮੰਨਦਿਆਂ ਹਰ ਧਰਮ ਤੇ ਵਰਗ ਇਸ ਦੀ ਸ਼ਾਲੀਨਤਾ ਤੇ ਉੱਚਤਾ ਕਾਰਨ ਉਸ ਨੂੰ ਉੱਚ ਦਰਜੇ ਦਾ ਧਾਰਨੀ ਮੰਨਦਾ ਹੈ। ਹਿੰਦੂ ਧਰਮ 'ਚ ਕੰਜਕ ਪੂਜਣ ਤੇ ਦੇਵੀ ਪੂਜਣ ਰਾਹੀਂ ਇਸ ਨੂੰ ਮੁਖਾਤਿਬ ਹੋਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਤਾਂ 'ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ' ਕਹਿ ਕੇ ਔਰਤ ਦੀ ਮਹਿਮਾ ਨੂੰ ਵਡਿਆਉਂਦੇ ਹਨ।

# ਬਾਲੀਵੁੱਡ

## 'ਨਾਨਕ ਦੁਖੀਆ ਸਭ ਸੰਸਾਰ'




ਦਾਰਾ ਪਿਕਚਰਜ਼ ਬੰਬੇ ਦੇ ਬੈਨਰ ਹੇਠ ਬਣੀ ਪੰਜਾਬੀ ਫਿਲਮ 'ਨਾਨਕ ਦੁਖੀਆ ਸਭ ਸੰਸਾਰ' 2 ਜੁਲਾਈ 1971 ਨੂੰ ਪਰਦੇ 'ਤੇ ਆਈ। ਇਸ ਫਿਲਮ ਦੇ ਨਿਰਮਾਤਾ ਨਿਰਦੇਸ਼ਕ ਤੇ ਲੇਖਕ ਅਦਾਕਾਰ ਪਹਿਲਵਾਨ ਦਾਰਾ ਸਿੰਘ ਸਨ। ਪਟਕਥਾ ਤੇ ਸੰਵਾਦ ਪੰਜਾਬੀ ਅਦਬ ਦੀ ਮਹਾਨ ਸ਼ਖ਼ਸੀਅਤ ਨਾਵਲਕਾਰ ਨਾਨਕ ਸਿੰਘ ਨੇ ਲਿਖੇ ਸਨ।

1947 ਤੋਂ ਪਹਿਲਾਂ ਲਹਿੰਦੇ ਪੰਜਾਬ ਦੇ ਪੋਠੋਹਾਰ ਇਲਾਕੇ ਤੋਂ ਸ਼ੁਰੂ ਹੁੰਦੀ ਇਹ ਫਿਲਮ ਵੰਡ ਤੋਂ ਬਾਅਦ ਆਪਣਾ ਘਰ-ਬਾਰ ਗੁਆ ਜਾਨੀ ਤੇ ਮਾਲੀ ਨੁਕਸਾਨ ਝੱਲ ਕੇ ਆਏ ਲੋਕਾਂ ਦੀ ਦਰਦਮਈ ਕਹਾਣੀ ਬਿਆਨ ਕਰਦੀ ਹੈ। ਫਿਲਮ 'ਚ ਅਦਾਕਾਰ ਪ੍ਰਿਥਵੀ ਰਾਜ ਕਪੂਰ ਨੇ ਗੁਰਦਵਾਰੇ ਦੇ ਬਾਬੇ ਦਾ ਕਿਰਦਾਰ ਅਦਾ ਕੀਤਾ ਹੈ। ਦਾਰਾ ਸਿੰਘ ਨੇ ਕਰਤਾਰ ਸਿੰਘ ਤੇ ਸ਼ਮਿੰਦਰ ਮਾਹਲ ਨੇ ਦਾਰਾ ਸਿੰਘ ਦੇ ਛੋਟੇ ਭਰਾ ਰਾਮ ਦਾ ਕਿਰਦਾਰ ਅਦਾ ਕੀਤਾ। ਦੁੱਖਾਂ ਦੀ ਮਾਰੀ ਮਾਂ ਦਾ ਕਿਰਦਾਰ ਬਿਹਤਰੀਨ ਅਦਾਕਾਰਾ ਅਚਲਾ ਸਚਦੇਵ ਨੇ ਬਾਖ਼ੂਬੀ ਨਿਭਾਇਆ, ਜਿਸ ਦੇ ਵੰਡ ਵੇਲੇ ਫਿਰਕੂ ਜਨੂੰਨੀਆਂ ਦੇ ਹਮਲਾ ਕਰਨ ਕਰਕੇ ਦੋਵੇਂ ਪੁੱਤ ਕਰਤਾਰ ਤੇ ਰਾਮ ਛੋਟੇ ਹੁੰਦਿਆਂ ਹੀ ਵਿਛੜ ਜਾਂਦੇ ਹਨ। ਇਸ ਫਿਲਮ 'ਚ ਦਿੱਗਜ ਬਾਲੀਵੁੱਡ ਅਦਾਕਾਰ ਬਲਰਾਜ ਸਾਹਨੀ ਨੇ ਵੀ ਅਦਾਕਾਰੀ ਕੀਤੀ। ਉਨ੍ਹਾਂ ਨੇ ਫਿਲਮ 'ਚ ਸੂਬੇਦਾਰ ਵਰਿਆਮ ਸਿੰਘ ਦਾ ਕਿਰਦਾਰ ਅਦਾ ਕੀਤਾ ਹੈ, ਜੋ ਕਰਤਾਰ ਸਿੰਘ ਤੇ ਰਾਮ ਨੂੰ ਬਚਪਨ ਵਿਚ ਪਨਾਹ ਦਿੰਦਾ ਹੈ। ਇਨ੍ਹਾਂ ਤੋਂ ਇਲਾਵਾ ਅਦਾਕਾਰਾ ਮੀਨਾ ਰਾਏ ਨੇ ਵਰਿਆਮ ਸਿੰਘ ਦੀ ਧੀ ਜੀਤਾਂ ਦਾ ਕਿਰਦਾਰ ਨਿਭਾਇਆ, ਜੋ ਕਰਤਾਰ ਸਿੰਘ ਨੂੰ ਪਸੰਦ ਕਰਦੀ ਹੈ ਤੇ ਉਸ ਨਾਲ ਵਿਆਹ ਕਰਾਉਣ ਦੇ ਸੁਪਨੇ ਸੰਜੋ ਕੇ ਰੱਖਦੀ ਹੈ। ਫਿਲਮ 'ਚ ਦਿਖਾਇਆ ਗਿਆ ਕਿ ਭਾਵੇਂ ਸਾਡੇ 'ਤੇ ਲੱਖਾਂ ਮੁਸੀਬਤਾਂ ਆਉਣ ਪਰ ਗੁਰੂ ਵੱਲੋਂ ਵਿਖਾਏ ਮਾਰਗ ਤੋਂ ਕਦੇ ਨਹੀਂ ਭਟਕਣਾ ਚਾਹੀਦਾ।

# ਨੀਰੂ ਬਾਜਵਾ ਤੇ ਤਾਨੀਆ ਕਰਨਗੀਆਂ ਕਮਾਲ

ਪੰਜਾਬੀ ਫ਼ਿਲਮ ਇੰਡਸਟਰੀ ਦੀਆਂ ਬਿਹਤਰੀਨ ਅਤੇ ਉੱਚ-ਕੋਟੀ ਅਦਾਕਾਰਾਂ 'ਚ ਅਪਣਾ ਨਾਂ ਸ਼ੁਮਾਰ ਕਰਵਾਉਣ ਵਾਲੀਆਂ ਨੀਰੂ ਬਾਜਵਾ ਅਤੇ ਤਾਨੀਆ ਨੇ ਆਪਣੀ ਨਵੀਂ ਫ਼ਿਲਮ ਦੀ ਅਨਾਊਂਸਮੈਂਟ ਕਰ ਦਿੱਤੀ ਹੈ।

ਦੋਵੇਂ ਅਭਿਨੇਤਰੀਆਂ ਪੰਜਾਬੀ ਫ਼ਿਲਮ 'ਫੱਫੇ ਕੁੱਟਣੀਆਂ' 'ਚ ਲੀਡਿੰਗ ਭੂਮਿਕਾਵਾਂ 'ਚ ਨਜ਼ਰ ਆਉਣਗੀਆਂ।

ਇਸ ਫ਼ਿਲਮ ਦੀ ਸ਼ੂਟਿੰਗ ਸ੍ਰੀ ਅੰਮ੍ਰਿਤਸਰ ਵਿਖੇ ਸ਼ੁਰੂ ਹੋ ਗਈ ਹੈ। ਇਸ ਫ਼ਿਲਮ ਦਾ ਲੇਖਨ ਜਗਦੀਪ ਸਿੱਧੂ ਕਰ ਰਹੇ ਹਨ, ਜਦਕਿ ਨਿਰਦੇਸ਼ਨ ਕਮਾਂਡ ਪ੍ਰੇਮ ਸਿੱਧੂ ਸੰਭਾਲ ਰਹੇ ਹਨ।

ਪਰਿਵਾਰਿਕ-ਡਰਾਮਾ ਅਤੇ ਕਾਮੇਡੀ ਤਾਣੇ-ਬਾਣੇ 'ਚ ਬੁਣੀ ਜਾ ਰਹੀ ਇਸ ਫ਼ਿਲਮ ਦੇ ਸਿਨੇਮਾਟੋਗ੍ਰਾਫ਼ੀ




ਪੱਖ ਸੰਦੀਪ ਪਾਟਿਲ ਸੰਭਾਲ ਰਹੇ ਹਨ, ਜੋ ਹਿੰਦੀ ਅਤੇ ਪੰਜਾਬੀ ਸਿਨੇਮਾ ਦੇ ਮੋਹਰੀ ਕਤਾਰ ਅਤੇ ਆਹਲਾ ਸਿਨੇਮਾਟੋਗ੍ਰਾਫ਼ਰਜ਼ 'ਚ ਅਪਣਾ ਸ਼ੁਮਾਰ ਕਰਵਾਉਂਦੇ ਹਨ ਅਤੇ ਕਈ ਵੱਡੀਆਂ ਫ਼ਿਲਮਾਂ ਨੂੰ ਬਿਹਤਰੀਨ ਰੂਪ ਦੇਣ 'ਚ ਅਹਿਮ ਭੂਮਿਕਾ ਨਿਭਾ ਚੁੱਕੇ ਹਨ।

ਪਾਲੀਵੁੱਡ ਦੀਆਂ ਆਉਣ ਵਾਲੀਆਂ ਅਤੇ ਬਿੱਗ ਸੈਟਅੱਪ ਫ਼ਿਲਮਾਂ 'ਚ ਆਪਣੀ ਮੌਜੂਦਗੀ ਦਰਜ ਕਰਵਾਉਣ ਜਾ ਰਹੀ ਉਕਤ ਫ਼ਿਲਮ ਦੁਆਰਾ ਪਹਿਲੀ ਵਾਰ ਇਕੱਠਿਆਂ ਸਕ੍ਰੀਨ ਸ਼ੇਅਰ ਕਰਨਗੀਆਂ ਨੀਰੂ ਬਾਜਵਾ ਅਤੇ ਤਾਨੀਆ, ਜਿਨ੍ਹਾਂ ਦੀ ਹਾਲਾਂਕਿ ਇਸ ਤੋਂ ਪਹਿਲਾਂ ਵੀ ਇੱਕ ਅਨ-ਟਾਈਟਲ ਪੰਜਾਬੀ ਫ਼ਿਲਮ ਦਾ ਐਲਾਨ ਹੋ ਚੁੱਕਿਆ ਹੈ, ਜੋ ਹਾਲੇ ਤੱਕ ਆਨ ਫਲੋਰ ਨਹੀਂ ਪੁੱਜੀ।

WALKER HOUSE



NOW SELLING

NORTH DELTA'S FLAGSHIP HIGH-RISE COMMUNITY

Soaring 29-storeys above North Delta's skyline, Walker House offers 17,000 SF of amenities and unobstructed sweeping vistas of the Fraser River, North Shore Mountains and urban landscape.

**Starting from the mid $400s. Parking included.**

BOOK A PRIVATE VIEWING
WalkerHouseDelta.com

BMG REAL ESTATE BUILDING COMMUNITIES

MARKETING BY rennie

This is not an offering for sale. Any such offering can only be made with a disclosure statement. Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

SURREY DENTAL CARE

604-200-3993

Open Monday to Friday 10- 6 pm

# We'll Take Care Of Your Teeth



**General**
Exams/Cleaning
Dental Sealants
Root Canals
Crowns/Caps
Duentures
Gum Disease

**Cosmetic**
Teeth Whitening
Veneers
Smile Design

**Surgical**
Wisdom Teeth
Implants

**High-Tech Exam**
Dignodent
Digital X-Rays
Intra-Oral Camera

**206 - 15230 56 Ave (HWY 10) V3S 5K7**
**info@surreydentalcare.ca**


Happy Dussehra
Sabzi Mandi Supermarket
Happy Thanksgiving
Serving our Community since 2003
All Karva Chauth items in store now!
HOT PRICE SIZE 9 JUMBO CAULIFLOWER ਗੋਭੀ 2.88 ea
HOT PRICE #1 YELLOW ONIONS #1 ਪੀਲੇ ਗੰਢੇ 50lb 13.99 ea
HOT PRICE FRESH CILANTRO ਧਨੀਆਂ Bunch 2 for 99¢
HOT PRICE FRESH TOMATOES ਟਮਾਟਰ 99¢ /lb
AMBAY BESAN ਅੰਬੇ ਬੇਸਣ 4lb 3.99 ea
UNBEATABLE DEAL
HEER WHOLE WHEAT ATTA
ਹੀਰ ਹੋਲ ਵ੍ਹੀਟ ਆਟਾ
20lb
11.99 ea
EXTRA FANCY RED ONIONS ਲਾਲ ਗੰਢੇ 25lb HOT PRICE 19.99 ea
PUNJABI BY NATURE SOYA CHAAP ਪੰਜਾਬੀ ਬਾਈ ਨੇਚਰ ਸੋਯਾ ਚਾਪ 850g 3.99 ea
FRESH ZUCCHINI ਤੋਰੀ 79¢ /lb
AASHIRVAAD ATTA ਆਸ਼ਿਰਵਾਦ ਆਟਾ 20lb 14.99 ea
PUNJABI BY NATURE MUSTARD OIL ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ 1L 6.99 ea
MERI CHAI TEA ਮੇਰੀ ਚਾਹ 216's 5.99 ea
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
BC GALA APPLES ਬੀ ਸੀ ਗੇਲਾ ਸੇਬ 99¢ /lb
HAPPY DAIRY PANEER ਹੈਪੀ ਡੇਰੀ ਪਨੀਰ 300g 4.49 ea
VERKA DESI GHEE ਵੇਰਕਾ ਦੇਸੀ ਘਿਉ 3kg 41.99 ea
ALOKOZAY CANOLA OIL ਐਲੋਕੋਜ਼ੇ ਕਨੋਲਾ ਤੇਲ 3L 11.99 ea
TATA AGNI TEA ਟਾਟਾ ਅੱਗਣੀ ਚਾਹ 1kg 9.99 ea
BC GREEN CABBAGE ਪੱਤ ਗੋਭੀ 69¢ /lb
ALMOND OIL ਬਦਾਮ ਤੇਲ 1L 12.99 ea
JUMBO CARROTS ਗਾਜਰਾਂ 88¢ /lb
FRESH OPO ਲੌਕੀ 1.49 /lb
US #1 POTATOES ਆਲੂ 10lb 3.99 ea
GREEN PEPPERS ਹਰੀਆਂ ਸ਼ਿਮਲਾ ਮਿਰਚਾਂ 1.29 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. October 11, 2024 - Wed. October 16, 2024
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
Sabzi Mandi Supermarket
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com